


# ਕੁਕ ਪੰਜਾਬੀ ਸਮਾਚਾਰ
# Kuk Punjabi Samachar




www.kuksamachar.co.nz kukpunjabi@xtra.co.nz Fortnightly Issue 350 New Zealand 21 December 2020 Ph: 09-250 4844 FREE
1st Indian Community Newspaper in Punjabi Language

## ਦੁਨੀਆ ਭਰ ਵਿੱਚ ਫੈਲੀ 'ਕੋਵਿਡ -19' ਮਹਾਂਮਾਰੀ ਦਾ ਹਾਲੇ ਤੱਕ ਵੀ ਕੋਈ ਹੱਲ ਨਹੀਂ



**ਆਕਲੈਂਡ** – 21 ਦਸੰਬਰ ਨੂੰ ਦੁਨੀਆ ਭਰ ਵਿੱਚ ਫੈਲੇ 'ਕੋਵਿਡ -19' ਦੇ ਸਭ ਤੋਂ ਵੱਧ ਕੇਸਾਂ ਦੇ ਮਾਮਲੇ 'ਚ ਅਮਰੀਕਾ ਪਹਿਲੇ ਨੰਬਰ ਉਤੇ ਹੈ ਜਦੋਂ ਕਿ ਉਸ ਤੋਂ ਬਾਅਦ ਭਾਰਤ ਦੂਜੇ ਅਤੇ ਬ੍ਰਾਜ਼ੀਲ ਤੀਜੇ ਨੰਬਰ ਉਤੇ ਹੈ। ਭਾਰਤ ਵਿੱਚ 'ਕੋਵਿਡ -19' ਨਾਲ ਹੁਣ ਤੱਕ 10,056,599 ਪੀੜਿਤ ਲੋਕ ਦੇ ਕੇਸ ਸਾਹਮਣੇ ਆਏ ਹਨ, ਇਨ੍ਹਾਂ ਦੇ ਹੋਰ ਵਧਣ ਦੀ ਪੂਰੀ-ਪੂਰੀ ਸੰਭਾਵਨਾ ਹੈ। ਭਾਰਤ ਵਿੱਚ ਕੋਰੋਨਾਵਾਇਰਸ ਨਾਲ 1,45,847 ਲੋਕਾਂ ਦੀ ਮੌਤ ਹੋਈ ਹੈ ਅਤੇ ਉਥੇ ਹੀ 9,606,111 ਮਰੀਜ਼ ਠੀਕ ਹੋਏ ਹਨ।

ਨਿਊਜ਼ੀਲੈਂਡ ਵਿੱਚ ਕੋਵਿਡ -19 ਦੇ ਹੁਣ ਕੁੱਲ ਮਿਲਾ ਕੇ 2121 ਕੰਨਫ਼ਰਮ ਅਤੇ ਪ੍ਰੋਵੈਬਲੀ ਕੇਸ ਹਨ। ਕੋਰੋਨਾਵਾਇਰਸ ਤੋਂ ਰਿਕਵਰ ਹੋਣ ਵਾਲਿਆਂ ਦੀ ਗਿਣਤੀ 2037 ਹੈ। ਦੇਸ਼ 'ਚ ਕੋਵਿਡ -19 ਨਾਲ ਮੌਤਾਂ ਦੀ ਗਿਣਤੀ 25 ਹੀ ਹੈ।

ਜ਼ਿਕਰਯੋਗ ਹੈ ਕਿ ਦੁਨੀਆ ਦੀਆਂ 219 ਟੈਰੇਟਰੀ ਵਿੱਚ ਕੋਰੋਨਾਵਾਇਰਸ ਤੋਂ ਪੀੜਤ 77,188,455 ਦੇ ਮਾਮਲੇ ਸਾਹਮਣੇ ਆਏ ਹਨ, ਜਦੋਂ ਕਿ ਕੋਰੋਨਾ ਨਾਲ ਮੌਤਾਂ ਦੀ ਗਿਣਤੀ 1,701,722 ਉਤੇ ਪਹੁੰਚ ਗਈ ਹੈ ਅਤੇ ਰਿਕਵਰ ਹੋਣ ਵਾਲਿਆਂ ਦੀ ਗਿਣਤੀ 54,090,492 ਹੈ।

## ਖੇਤੀ ਕਾਨੂੰਨਾਂ ਨੂੰ ਲੈ ਕੇ ਦਿੱਲੀ ਦੇ ਬਾਡਰਾਂ ਉਤੇ ਕਿਸਾਨਾਂ ਵੱਲੋਂ ਦੁਨੀਆ ਦਾ ਸਭ ਤੋਂ ਵੱਡਾ ਸ਼ਾਂਤਮਈ ਰੋਸ ਮੁਜ਼ਾਹਰਾ

### ਕਿਸਾਨਾਂ ਦੇ ਰੋਸ ਮੁਜ਼ਾਹਰੇ ਨੂੰ ਦੁਨੀਆ ਭਰ ਤੋਂ ਮਿਲ ਰਿਹਾ ਹੈ ਭਰਮਾ ਹੁੰਗਾਰਾ



**ਨਵੀਂ ਦਿੱਲੀ** – ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਮੰਗ ਲਈ 26 ਦਿਨਾਂ ਤੋਂ ਦਿੱਲੀ ਦੀਆਂ ਸਰਹੱਦਾਂ 'ਤੇ ਬੈਠੇ ਕਿਸਾਨਾਂ ਵੱਲੋਂ ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਸ਼ਾਂਤਮਈ ਰੋਸ ਮੁਜ਼ਾਹਰਾ ਜਾਰੀ ਹੈ। ਇਸ ਸ਼ਾਂਤਮਈ ਰੋਸ ਮੁਜ਼ਾਹਰੇ ਨੇ ਇਤਿਹਾਸ ਸਿਰਜ ਦਿੱਤਾ ਹੈ। ਦੁਨੀਆ ਭਰ ਵਿੱਚ ਇਸ ਕਿਸਾਨੀ ਰੋਸ ਮੁਜ਼ਾਹਰੇ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਵੱਲੋਂ ਭੇਜੀਆਂ ਗਈਆਂ ਤਜਵੀਜ਼ਾਂ ਨੂੰ ਰੱਦ ਕੀਤੀਆਂ ਹੋਈਆਂ ਹਨ ਅਤੇ ਕੇਂਦਰ ਸਰਕਾਰ ਨਾਲ ਗੱਲਬਾਤ ਵੀ ਬੰਦ ਹੈ। ਸਾਰੀਆਂ ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦਾ ਪ੍ਰਸਤਾਵ ਕਿਸਾਨਾਂ ਦੇ ਹੱਕ ਵਿੱਚ ਨਹੀਂ ਹੈ ਅਤੇ ਨਾ ਹੀ ਇਹ ਕਿਸਾਨੀ ਦੀਆਂ ਮੰਗਾਂ 'ਤੇ ਖਰੇ ਉਤਰਦੇ ਹਨ। 40 ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਉਹ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੱਕ ਸੰਘਰਸ਼ ਜਾਰੀ ਰੱਖਣਗੀਆਂ। 21 ਦਸੰਬਰ ਤੋਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਿੰਘੂ ਬਾਡਰ ਉਤੇ ਭੁੱਖ ਹੜਤਾਲ ਆਰੰਭ ਕੀਤੀ ਹੈ। ਜ਼ਿਕਰਯੋਗ ਹੈ ਕਿ 11-11 ਆਗੂ ਰੋਜ਼ਾਨਾ ਹੀ 24 ਘੰਟੇ ਲਈ ਭੁੱਖ ਹੜਤਾਲ ਉਤੇ ਬੈਠਣਗੇ। ਇਸ ਸ਼ਾਂਤਮਈ ਮੁਜ਼ਾਹਾਰੇ ਵਿੱਚ ਹਰ ਵਰਗ ਆਪਣਾ ਯੋਗਦਾਨ ਦੇ ਰਿਹਾ ਹੈ।

## 26 ਅਤੇ 27 ਦਸੰਬਰ ਨੂੰ ਗੁਰਦੁਆਰਾ ਸਾਹਿਬ ਟਾਕਾਨੀਨੀ ਵਿਖੇ 'ਸਿੱਖ ਚਿਲਡਰਨ ਡੇਅ' ਕਰਵਾਇਆ ਜਾ ਰਿਹਾ ਹੈ




**ਆਕਲੈਂਡ** – ਸੁਪਰੀਮ ਸਿੱਖ ਸੁਸਾਇਟੀ ਵੱਲੋਂ ਗੁਰਦੁਆਰਾ ਸ੍ਰੀ ਕਲ਼ਗੀਧਰ ਸਾਹਿਬ, ਟਾਕਾਨੀਨੀ ਵਿਖੇ 'ਚਿਲਡਰਨ ਡੇਅ' ਹਰ ਸਾਲ ਕਰਵਾਇਆ ਜਾਂਦਾ ਹੈ, ਪਰ ਕੋਰੋਨਾਵਾਇਰਸ ਮਹਾਂਮਾਰੀ ਦੇ ਕਰਕੇ ਇਸ ਵਾਰ 'ਚਿਲਡਰਨ ਡੇਅ' 26 ਅਤੇ 27 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ।

ਅੱਜ ਗੁਰਦੁਆਰਾ ਸ੍ਰੀ ਕਲ਼ਗੀਧਰ ਸਾਹਿਬ, ਟਾਕਾਨੀਨੀ ਵਿਖੇ ਸੁਪਰੀਮ ਸਿੱਖ ਸੁਸਾਇਟੀ ਦੇ ਪ੍ਰਬੰਧਕਾਂ ਵੱਲੋਂ 'ਚਿਲਡਰਨ ਡੇਅ' ਨਾਲ ਸੰਬੰਧਿਤ ਰੰਗਦਾਰ ਪੋਸਟਰ ਸਥਾਨਕ ਪੰਜਾਬੀ ਮੀਡੀਆ ਦੀ ਹਾਜ਼ਰੀ ਵਿੱਚ ਜਾਰੀ ਕੀਤਾ ਗਿਆ। ਇਸ ਮੌਕੇ ਸਕੂਲ ਦੀਆਂ ਅਧਿਆਪਕਾਵਾਂ ਅਤੇ ਬੱਚੇ ਨੇ ਪੋਸਟਰ ਜਾਰੀ ਕੀਤਾ। ਮੀਡੀਆ ਕਰਮੀਆਂ ਵੱਲੋਂ, ਕੂਕ ਪੰਜਾਬੀ ਸਮਾਚਾਰ ਤੋਂ ਸ. ਅਮਰਜੀਤ ਸਿੰਘ, ਨੱਚਦਾ ਪੰਜਾਬ ਰੇਡੀਓ ਤੋਂ ਸ. ਅਮਰੀਕ ਸਿੰਘ, ਅਜੀਤ ਤੋਂ . ਸ. ਹਰਮਨਪ੍ਰੀਤ ਸਿੰਘ, ਐਨਜ਼ੈਡ ਪੰਜਾਬੀ ਨਿਊਜ਼ ਤੋਂ ਸ. ਤਰਨਦੀਪ ਬਿਲਾਸਪੁਰ, ਡੇਅਲੀ ਖ਼ਬਰੀ ਤੋਂ ਸ. ਸ਼ਰਨਜੀਤ ਸਿੰਘ ਅਤੇ ਮੀਡੀਆ ਪੰਜਾਬ ਤੋਂ ਸ. ਬਲਜਿੰਦਰ ਰੰਧਾਵਾ ਸੋਨੂੰ ਹਾਜ਼ਰ ਸਨ।

'ਚਿਲਡਰਨ ਡੇਅ' ਵਿੱਚ ਹਰ ਵਾਰ ਦੀ ਤਰ੍ਹਾਂ ਗੁਰਬਾਣੀ ਕੰਠ ਮੁਕਾਬਲੇ, ਕਵਿਤਾ, ਸਪੀਚ ਮੁਕਾਬਲੇ, ਲੇਖ, ਕਵੀਸ਼ਰੀ, ਗੱਤਕਾ, ਵਾਰਾਂ, ਕੀਰਤਨ, ਦਸਤਾਰ ਮੁਕਾਬਲੇ, ਸਿੱਖ ਆਰਟ ਆਦਿ ਮੁਕਾਬਲੇ ਕਰਵਾਏ ਜਾਣਗੇ

'ਚਿਲਡਰਨ ਡੇਅ' ਵਿੱਚ ਬੱਚਿਆਂ ਦੇ ਹਿੱਸਾ ਲੈਣ ਲਈ ਰਜਿਸਟਰੇਸ਼ਨ ਫਾਰਮ www.supremesikhsociety.co.nz ਉਤੇ ਜਾ ਕੇ ਡਾਊਨਲੋਡ ਕਰ ਸਕਦੇ ਹੋ। ਰਜਿਸਟਰੇਸ਼ਨ ਫਾਰਮ ਦੀ ਫ਼ੀਸ 10 ਡਾਲਰ ਹੈ ਅਤੇ ਰਜਿਸਟਰੇਸ਼ਨ ਫਾਰਮ 12 ਦਸੰਬਰ ਤੱਕ ਜਮ੍ਹਾ ਕਰਵਾਏ ਜਾ ਸਕਦੇ ਹਨ, ਪਰ 12 ਦਸੰਬਰ ਤੋਂ ਬਾਅਦ ਫਾਰਮ ਜਮ੍ਹਾ ਕਰਵਾਉਣ ਦੀ ਫ਼ੀਸ 20 ਡਾਲਰ ਹੋਵੇਗੀ। ਪ੍ਰਬੰਧਕਾਂ ਨੇ ਕਿਹਾ ਕਿ ਬੱਚਿਆਂ ਲਈ ਗੁੱਡੀਜ਼ ਬੈਗ ਅਤੇ ਹੋਰ ਵੀ ਬਹੁਤ ਗਿਫ਼ਟ ਦਿੱਤੇ ਜਾਣਗੇ।

'ਚਿਲਡਰਨ ਡੇਅ' ਦੇ ਪ੍ਰੋਗਰਾਮ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਤੁਸੀਂ ਈਵੈਂਟ ਕੋਆਰਡੀਨੇਟਰ ਮਨਦੀਪ ਕੌਰ ਮਿਨਹਾਸ ਨਾਲ ਫ਼ੋਨ ਨੰਬਰ 021 174 3412 ਅਤੇ ਕਮਨਜੋਤ ਕੌਰ ਨਾਲ 027 538 6659 ਉਤੇ ਗੱਲ ਕਰ ਸਕਦੇ ਹੋ। ਲੰਗਰ ਦੀ ਸੇਵਾ ਲਈ ਹਰਦੀਪ ਸਿੰਘ ਨਾਲ 021 798 011, ਗੱਤਕੇ ਲਈ ਹਰਜੋਤ ਸਿੰਘ ਨਾਲ 021 266 0325, ਕੀਰਤਨ ਲਈ ਮਨਜੀਤ ਸਿੰਘ ਨਾਲ 021 595 941, ਸਪੋਰਟਸ ਲਈ ਹਰਿੰਦਰ ਸੈਂਗਰ ਨਾਲ +64 29 264 2103, ਜਨਰਲ ਇਨਕੁਆਰੀ ਲਈ 021 289 8410, ਮਨਜਿੰਦਰ ਸਿੰਘ ਨਾਲ021 027 18560 ਉਤੇ ਗੱਲਬਾਤ ਕਰ ਸਕਦੇ ਹੋ। ਤੁਸੀਂ ਈਮੇਲ: SHSTAKANINI@GMAIL.COM ਰਾਹੀ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।












# ਪਾਪਾਟੋਏਟੋਏ 'ਸ਼ਾਂਤਾ ਪਰੇਡ' ਵਿੱਚ ਬਹੁ-ਸਭਿਆਚਾਰਕ ਰੰਗਾਂ ਦਾ ਪ੍ਰਗਟਾਵਾ

















**ਪਾਪਾਟੋਏਟੋਏ –** ਇੱਥੇ ਕ੍ਰਿਸਮਿਸ ਮੌਕੇ ਹਰ ਸਾਲ ਦੀ ਤਰ੍ਹਾਂ ਹੋਣ ਵਾਲੀ 'ਪਾਪਾਟੋਏਟੋਏ ਸ਼ਾਂਤਾ ਪਰੇਡ' 2 ਦਸੰਬਰ ਦਿਨ ਬੁੱਧਵਾਰ ਨੂੰ ਕੱਢੀ ਗਈ। ਇਸ ਕ੍ਰਿਸਮਿਸ ਪਰੇਡ ਵਿੱਚ ਬਹੁ-ਸਭਿਆਚਾਰਕ ਰੰਗਾਂ ਦਾ ਪ੍ਰਗਟਾਵਾ ਵੇਖਣ ਨੂੰ ਮਿਲਿਆ। ਸ਼ਾਂਤਾ ਪਰੇਡ ਵਿੱਚ ਹਰ ਵਾਰ ਦੀ ਤਰ੍ਹਾਂ ਹਰ ਭਾਈਚਾਰੇ ਦੇ ਲੋਕਾਂ ਨੇ ਹਿੱਸਾ ਲਿਆ ਅਤੇ 'ਸ਼ਾਂਤਾ ਪਰੇਡ' ਦੀ ਸ਼ਾਨ ਵਧਾਈ।

'ਸ਼ਾਂਤਾ ਪਰੇਡ' ਦੇ ਪ੍ਰਬੰਧਕਾਂ ਨੇ ਪਾਪਾਟੋਏਟੋਏ ਦੇ ਨਿਵਾਸੀਆਂ ਅਤੇ ਇੱਥੇ ਰਹਿੰਦੇ ਹਰ ਭਾਈਚਾਰੇ ਤੇ ਸੰਸਥਾਵਾਂ ਦਾ ਇਸ ਦਾ ਹਿੱਸਾ ਬਣਨ ਉੱਤੇ ਵਧਾਈ ਦਿੱਤੀ ਅਤੇ ਧੰਨਵਾਦ ਕੀਤਾ ਹੈ। 'ਪਾਪਾਟੋਏਟੋਏ ਸ਼ਾਂਤਾ ਪਰੇਡ' ਆਕਲੈਂਡ ਕੌਂਸਲ ਅਤੇ ਓਟਾਰਾ-ਪਾਪਾਟੋਏਟੋਏ ਦੇ ਆਪਸੀ ਸਹਿਯੋਗ ਨਾਲ ਕੱਢੀ ਜਾਂਦੀ ਹੈ। ਇਹ ਪਰੇਡ 7.00 ਵਜੇ ਸ਼ਾਮੀ ਪਾਪਾਟੋਏਟੋਏ ਸੈਂਟਰ ਸਕੂਲ ਕਾਰਨਰ ਤੋਂ ਸ਼ੁਰੂ ਹੋ ਕੇ ਗ੍ਰੇਟ ਸਾਊਥ ਰੋਡ, ਕੋਮਲਰ ਰੋਡ ਤੇ ਸੈਂਟ ਜੌਰਜ ਸਟ੍ਰੀਟ ਤੋਂ ਹੁੰਦੀ ਹੋਈ ਪਾਪਾਟੋਏਟੋਏ ਟਾਊਨ ਹਾਲ ਦੇ ਪਿੱਛੇ ਪੈਂਦੀ ਪਾਰਕਿੰਗ ਵਿੱਚ ਸ਼ਾਮੀ 8.30 ਵਜੇ ਦੇ ਲਗਭਗ ਸਮਾਪਤ ਹੋਈ। ਦਰਸ਼ਕਾਂ ਨੇ ਪੂਰੇ ਰਾਸਤੇ ਉੱਤੇ ਖੜ੍ਹੇ ਹੋ ਕੇ 'ਪਾਪਾਟੋਏਟੋਏ ਸ਼ਾਂਤਾ ਪਰੇਡ' ਦਾ ਅਨੰਦ ਮਾਣਿਆ।

'ਸ਼ਾਂਤਾ ਪਰੇਡ' ਵਿੱਚ ਭਾਰਤੀ ਭਾਈਚਾਰੇ ਦੇ ਨਾਲ-ਨਾਲ ਪੰਜਾਬੀ ਭਾਈਚਾਰੇ ਅਤੇ ਉਨ੍ਹਾਂ ਦੇ ਅਦਾਰਿਆਂ ਨੇ ਹਿੱਸਾ ਲਿਆ। ਪਰੇਡ ਵਿੱਚ ਉਹ ਆਪਣੀ ਗੱਡੀਆਂ ਅਤੇ ਬੇਨਰਾਂ ਨਾਲ ਪਹੁੰਚੇ ਹੋਏ ਸਨ। ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ, ਕੋਲਮਰ ਰੋਡ ਦੇ ਪੰਜਾਬੀ ਭਵਨ ਵੱਲੋਂ ਵੀ ਹਰ ਵਾਰ ਦੀ ਤਰ੍ਹਾਂ ਵੱਡਾ ਟਰਾਲਾ ਸਜਾਇਆ ਹੋਇਆ ਸੀ, ਜਿਸ ਵਿੱਚ ਪੰਜਾਬਿਅਤ ਦੇ ਰੰਗ ਨਜ਼ਰ ਆ ਰਹੇ ਸਨ।

# ਕੋਰੋਨਾਵਾਇਰਸ: ਕੁੱਕ ਆਈਲੈਂਡ ਤੇ ਨਿਊਜ਼ੀਲੈਂਡ ਵਿਚਾਲੇ ਅਗਲੇ ਸਾਲ ਦੇ ਸ਼ੁਰੂ ਤੋਂ ਕੁਆਰੰਟੀਨ ਮੁਕਤ ਯਾਤਰਾ

**ਆਕਲੈਂਡ, 12 ਦਸੰਬਰ –** ਨਿਊਜ਼ੀਲੈਂਡ ਦੇ ਲੋਕ ਛੇਤੀ ਹੀ ਕੁੱਕ ਆਈਲੈਂਡ ਦੀ ਯਾਤਰਾ ਕਰ ਸਕਣਗੇ, ਉੱਥੇ ਦੋ ਹਫ਼ਤਿਆਂ ਲਈ ਜਾਂ ਆਪਣੇ ਘਰ ਪਰਤਣ 'ਤੇ ਉਨ੍ਹਾਂ ਨੂੰ ਕੁਆਰੰਟੀਨ ਨਹੀਂ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਅਤੇ ਉਸ ਦੇ ਕੁੱਕ ਆਈਲੈਂਡਜ਼ ਦੇ ਹਮਰੁਤਬਾ ਮਾਰਕ ਬ੍ਰਾਊਨ ਨੇ ਅਧਿਕਾਰੀਆਂ ਨੂੰ ਅਗਲੇ ਸਾਲ ਦੀ ਪਹਿਲੀ ਤਿਮਾਹੀ ਵਿੱਚ ਦੋ-ਪੱਖੀ ਕੁਆਰੰਟੀਨ ਮੁਕਤ ਯਾਤਰਾ ਨੂੰ ਮੁੜ ਤੋਂ ਸ਼ੁਰੂ ਕਰਨ ਲਈ ਲੋੜੀਂਦੇ ਸਾਰੇ ਉਪਾਅ ਲਾਗੂ ਕਰਨ ਲਈ ਮਿਲ ਕੇ ਕੰਮ ਕਰਨ ਦੀ ਹਦਾਇਤ ਕੀਤੀ ਹੈ। ਪ੍ਰਧਾਨ ਮੰਤਰੀ ਆਰਡਰਨ ਨੇ ਕਿਹਾ ਕਿ, 'ਇਹ ਪ੍ਰਬੰਧ ਨਿਊਜ਼ੀਲੈਂਡ ਅਤੇ ਕੁੱਕ ਆਈਲੈਂਡਜ਼ ਦਰਮਿਆਨ ਵਿਸ਼ੇਸ਼ ਸਬੰਧਾਂ ਨੂੰ ਮਾਨਤਾ ਦਿੰਦਾ ਹੈ। ਇਹ ਲੋਕਾਂ ਨੂੰ ਸਾਡੇ ਦੋਵੇਂ ਦੇਸ਼ਾਂ ਦੇ ਵਿਚਕਾਰ ਵਧੇਰੇ ਆਸਾਨੀ ਨਾਲ ਯਾਤਰਾ ਕਰਨ ਦੀ ਆਗਿਆ ਦੇਵੇਗਾ, ਜਦੋਂ ਕਿ ਇਹ ਸਵੀਕਾਰ ਕਰਦੇ ਹੋਏ ਕਿ ਸਾਡੀ ਪਹਿਲ ਆਪਣੀ ਅਬਾਦੀ ਨੂੰ ਕੋਵਿਡ -19 ਤੋਂ ਬਚਾਉਣ ਦੇ ਲਈ ਬਣੀ ਹੋਈ ਹੈ'। ਕੁੱਕ ਆਈਲੈਂਡ ਦੇ ਪ੍ਰਧਾਨ ਮੰਤਰੀ ਬ੍ਰਾਊਨ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ।

ਗੌਰਤਲਬ ਹੈ ਕਿ ਕੁੱਕ ਆਈਲੈਂਡ ਪੂਰੀ ਤਰ੍ਹਾਂ ਕੋਵਿਡ -19 ਤੋਂ ਮੁਕਤ ਰਹਿਣ ਵਾਲਾ ਵਿਸ਼ਵ ਅਤੇ ਪੈਸੀਫਿਕ ਖੇਤਰ ਦੇ ਕੁੱਝ ਦੇਸ਼ਾਂ ਵਿਚੋਂ ਇਕ ਹੈ। ਨਤੀਜੇ ਵਜੋਂ, ਨਵੇਂ ਸਮਝੌਤੇ ਦੇ ਪਹਿਲੇ ਕਦਮ ਵਿੱਚ ਨਿਊਜ਼ੀਲੈਂਡ ਦੇ ਅਧਿਕਾਰੀ ਸ਼ਾਮਲ ਹੋਣਗੇ ਜੋ ਕੁੱਕ ਆਈਲੈਂਡ ਤੋਂ ਯਾਤਰਾ ਕਰਨ ਵਾਲੇ ਹਰੇਕ ਲਈ ਨਿਊਜ਼ੀਲੈਂਡ ਵਿੱਚ ਕੁਆਰੰਟੀਨ ਰਹਿਤ ਪਹੁੰਚ ਨੂੰ ਲਾਗੂ ਕਰਨ ਲਈ ਕੰਮ ਕਰਨਗੇ। ਇਹ ਪਹਿਲਾ ਮੌਕਾ ਹੋਵੇਗਾ ਜਦੋਂ ਕਿਸੇ ਵੱਖਰੇ ਦੇਸ਼ ਤੋਂ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਲਾਜ਼ਮੀ 14 ਦਿਨਾਂ ਦੇ ਮੈਨੇਜਡ ਆਈਸੋਲੇਸ਼ਨ ਪੀਰੀਅਡ ਨੂੰ ਪੂਰਾ ਨਹੀਂ ਕਰਨਾ ਪਵੇਗਾ। ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਹ ਪਹਿਲਾ ਕਦਮ ਇਕ 'ਪੜਾਅਵਾਰ ਪਹੁੰਚ' ਦਾ ਹਿੱਸਾ ਹੈ।

# ਭਾਰਤੀ ਕਿਸਾਨਾਂ ਦੇ ਹੱਕ ਲਈ ਭਾਰਤੀ ਹਾਈ ਕਮਿਸ਼ਨ ਅੱਗੇ ਮੁਜ਼ਾਹਰਾ ਅਤੇ ਹਾਈ ਕਮਿਸ਼ਨ ਨੂੰ ਮੰਗ ਪੱਤਰ ਦਿੱਤਾ



**ਵੈਲਿੰਗਟਨ, 10 ਦਸੰਬਰ –** ਭਾਰਤ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਦੇ ਰੋਸ ਵਜੋਂ ਨਿਊਜ਼ੀਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਿਸਾਨ ਪੱਖੀ ਭਾਰਤੀ ਭਾਈਚਾਰੇ ਵੱਲੋਂ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਜਦੋਂ ਕਿ 6 ਦਸੰਬਰ ਨੂੰ ਆਕਲੈਂਡ ਵਿੱਚ ਵੀ ਭਾਈਚਾਰੇ ਵੱਲੋਂ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਬੀਤੇ ਕੱਲ੍ਹ 9 ਦਸੰਬਰ ਦਿਨ ਬੁੱਧਵਾਰ ਨੂੰ ਨਿਊਜ਼ੀਲੈਂਡ ਦੀ ਰਾਜਧਾਨੀ ਵੈਲਿੰਗਟਨ ਵਿਖੇ ਸਥਿਤ ਭਾਰਤੀ ਹਾਈ ਕਮਿਸ਼ਨ ਅੱਗੇ ਭਾਰਤੀ ਭਾਈਚਾਰੇ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਹਾਈ ਕਮਿਸ਼ਨ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ।

ਇਹ ਰੋਸ ਮਾਰਚ ਵੈਲਿੰਗਟਨ ਦੇ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਪਾਰਲੀਮੈਂਟ ਦੇ ਬਾਹਰ ਗਰਾਊਂਡ ਵਿੱਚ ਇਕੱਤਰਤਾ ਹੋਇਆ, ਜਿੱਥੇ ਕੁੱਝ ਸਾਂਸਦ ਮੈਂਬਰਾਂ (ਹੈਮਿਲਟਨ ਤੋਂ ਹਲਕੇ ਤੋਂ ਐਮਪੀ ਡਾ. ਗੌਰਵ ਸ਼ਰਮਾ, ਟਾਕਾਨੀਨੀ ਤੋਂ ਹਲਕੇ ਤੋਂ ਐਮਪੀ ਡਾ. ਨੀਰੂ ਲੀਵਾਸਾ, ਐਕਟ) ਨਾਲ ਮੁਲਾਕਾਤ ਹੋਈ ਅਤੇ ਰੋਸ ਮਾਰਚ ਨਾਅਰੇ ਮਾਰਦਾ ਹੋਇਆ ਭਾਰਤੀ ਹਾਈ ਕਮਿਸ਼ਨ ਦੀ ਇਮਾਰਤ ਮੂਹਰੇ ਪੁੱਜਾ। ਜਿੱਥੇ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਸ੍ਰੀ ਸੀ.ਜੇ. ਕੁਮਾਰ ਅਤੇ ਸ੍ਰੀ ਪਰਮਜੀਤ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ, ਉਨ੍ਹਾਂ ਇਹ ਮੰਗ ਪੱਤਰ ਹਾਈ ਕਮਿਸ਼ਨ ਦੇ ਦਫ਼ਤਰ ਤੋਂ ਹੇਠਾਂ ਪਹੁੰਚ ਕੇ ਪ੍ਰਾਪਤ ਕੀਤਾ। ਇਸ ਰੋਸ ਮੁਜ਼ਾਹਰੇ ਵਿੱਚ ਵੈਲਿੰਗਟਨ, ਆਕਲੈਂਡ, ਹੈਮਿਲਟਨ, ਹੇਸਟਿੰਗ, ਟੌਰੰਗਾ, ਟੀ-ਪੁੱਕੀ, ਕ੍ਰਾਈਸਟਚਰਚ ਅਤੇ ਹੋਰਨਾਂ ਸ਼ਹਿਰਾਂ ਤੋਂ ਸੰਸਥਾਵਾਂ ਦੇ ਪ੍ਰਤੀਨਿਧੀ ਅਤੇ ਭਾਈਚਾਰੇ ਦੇ ਲੋਕ ਪੁੱਜੇ।






# ਕਿਸਾਨੀ ਸੰਘਰਸ਼ ਵਿੱਚ ਧਰਨਿਆਂ ਉਤੇ ਦ੍ਰਿੜਤਾ ਨਾਲ ਡੱਟੇ ਕਿਸਾਨ










## Horticultural Jobs Available

ਬਾਗਬਾਨੀ ਕਾਰੋਬਾਰ 'ਚ ਨੌਕਰੀਆਂ ਉਪਲਬਧ

ZEALANDIA

Horticultural jobs available at Zealandia Horticulture in Clevedon

$20/ hour Starting rate, 40+ hours per week

Must be able to work long hours, when required

Must have own transport

English speaking isn't required, but some understanding would be helpfu

Must be able to work in a physical role, bending down and lifting is required for the job.

Full training will be provided and experience not necessary.

Great facility and stable work provided with a good company

Please complete an application form on the website: www.zealandia.co.nz or Ring 09-761537 to make an appointment for an Interview.

Place your add - 09 250 4844
kukpunjabi@xtra.co.nz


# ਕਿਸਾਨੀਂ ਸੰਘਰਸ਼: ਸਿੰਘੂ ਤੇ ਟਿਕਰੀ ਬਾਰਡਰਾਂ 'ਤੇ ਸ਼ਹੀਦ ਕਿਸਾਨਾਂ ਨੂੰ ਸ਼ਰਧਾਂਜਲੀਆਂ



**ਨਵੀਂ ਦਿੱਲੀ** – ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੇ ਸਿੰਘੂ ਤੇ ਟਿਕਰੀ ਬਾਰਡਰਾਂ 'ਤੇ ਕਿਸਾਨ ਅੰਦੋਲਨ ਦੌਰਾਨ ਵੱਖ-ਵੱਖ ਕਾਰਨਾਂ ਕਰਕੇ ਜਾਨ ਗੁਆਉਣ ਵਾਲੇ 40 ਕਿਸਾਨਾਂ ਨੂੰ 20 ਦਸੰਬਰ ਦਿਨ ਐਤਵਾਰ ਨੂੰ 25ਵੇਂ ਦਿਨ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਸੱਦੇ 'ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਵੀ ਪਿੰਡ ਤੇ ਬਲਾਕ ਪੱਧਰ 'ਤੇ ਸਵੇਰੇ 11.00 ਵਜੇ ਤੋਂ 1.00 ਵਜੇ ਤੱਕ ਸ਼ਰਧਾਂਜਲੀ ਸਮਾਗਮ ਕੀਤੇ ਗਏ। ਇਸ ਦੌਰਾਨ ਕਿਸਾਨਾਂ ਨੇ ਕੇਂਦਰ ਸਰਕਾਰ ਨੂੰ ਰੱਜ ਕੇ ਭੰਡਿਆ। ਸਿੰਘੂ ਬਾਰਡਰ 'ਤੇ ਮ੍ਰਿਤਕ ਕਿਸਾਨਾਂ ਨੂੰ ਸ਼ਰਧਾਂਜਲੀ ਦੇਣ ਵਾਲਿਆਂ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਦੇ ਪ੍ਰਧਾਨ ਡਾ. ਦਰਸ਼ਨ ਪਾਲ, ਫੁਰਮਾਨ ਸਿੰਘ ਸੰਧੂ, ਡਾ. ਸਤਨਾਮ ਸਿੰਘ, ਜਗਜੀਤ ਸਿੰਘ ਡੱਲੇਵਾਲ, ਉਂਕਾਰ ਸਿੰਘ, ਹਰਿੰਦਰ ਸਿੰਘ ਲੱਖੋਵਾਲ, ਸੁਰਜੀਤ ਸਿੰਘ ਫੂਲ, ਪ੍ਰੇਮ ਸਿੰਘ ਭੰਗੂ, ਹਰਜੀਤ ਸਿੰਘ ਰਵੀ, ਰੁਲਦੂ ਸਿੰਘ ਮਾਨਸਾ, ਲਖਬੀਰ ਸਿੰਘ ਨਿਜ਼ਾਮਪੁਰ, ਲਖਵਿੰਦਰ ਸਿੰਘ, ਹਰਮੀਤ ਸਿੰਘ ਕਾਦੀਆਂ, ਕਮਲਜੀਤ ਸਿੰਘ ਤੇ ਹੋਰ ਆਗੂ ਸ਼ਾਮਲ ਸਨ। ਬੁਲਾਰਿਆਂ ਵੱਲੋਂ ਪਹਿਲਾਂ 'ਸ਼ਹੀਦ' ਕਿਸਾਨਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਆਗੂਆਂ ਨੇ ਵਿੱਛੜੀਆਂ ਰੂਹਾਂ ਨੂੰ ਸਮਰਪਿਤ ਹੋ ਕੇ ਇਸ ਕਿਸਾਨੀ ਸੰਘਰਸ਼ ਨੂੰ ਫ਼ੈਸਲਾਕੁਨ ਅੰਜਾਮ ਤੱਕ ਪਹੁੰਚਾਉਣ ਲਈ ਕੇਂਦਰ ਸਰਕਾਰ ਦੀਆਂ ਦਬਾਅ ਪਾਊ ਨੀਤੀਆਂ ਦਾ ਡਟ ਕੇ ਟਾਕਰਾ ਕਰਨ ਦਾ ਅਹਿਦ ਲਿਆ। ਉਨ੍ਹਾਂ ਖੇਤੀਬਾੜੀ ਕਾਨੂੰਨਾਂ ਨੂੰ ਕਿਸਾਨਾਂ ਦੇ ਨਾਲ ਨਾਲ ਹੋਰ ਵਰਗਾਂ ਲਈ ਵੀ ਘਾਤਕ ਕਰਾਰ ਦਿੱਤਾ। ਟਿਕਰੀ ਬਾਰਡਰ 'ਤੇ ਵੀ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਦੌਰਾਨ ਟਿਕਰੀ ਬਾਰਡਰ 'ਤੇ ਬੀਕੇਯੂ ਏਕਤਾ (ਉਗਰਾਹਾਂ) ਦੀ ਅਗਵਾਈ 'ਚ ਜੁੜੇ ਇਕੱਠ ਨੇ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦੀਆਂ ਪਾਉਣ ਵਾਲੇ ਕਿਸਾਨਾਂ ਨੂੰ ਸੰਗਰਾਮੀ ਸ਼ਰਧਾਂਜਲੀਆਂ ਭੇਟ ਕੀਤੀਆਂ। ਹਜ਼ਾਰਾਂ ਦੀ ਤਾਦਾਦ 'ਚ ਜੁੜੇ ਇਕੱਠ ਨੇ ਸਮੂਹਿਕ ਤੌਰ 'ਤੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਰੱਖਿਆ ਤੇ ਸ਼ਹੀਦਾਂ ਨੂੰ ਸਿੱਜਦਾ ਕੀਤਾ। ਕਿਸਾਨਾਂ ਨੇ 'ਅਮਰ ਸ਼ਹੀਦਾਂ ਦਾ ਪੈਗ਼ਾਮ- ਜਾਰੀ ਰੱਖਣਾ ਹੈ ਸੰਗਰਾਮ' ਦੇ ਬੁਲੰਦ ਨਾਅਰਿਆਂ ਨਾਲ ਸ਼ਹੀਦਾਂ ਦੀ ਕੁਰਬਾਨੀ ਨੂੰ ਅਜਾਈਂ ਨਾ ਜਾਣ ਦੇਣ ਦਾ ਅਹਿਦ ਲੈਂਦਿਆਂ ਮੁਕੰਮਲ ਜਿੱਤ ਤਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ।

# 1 ਅਪ੍ਰੈਲ 2021 ਤੋਂ ਘੱਟੋ-ਘੱਟ ਮਿਹਨਤਾਨਾ ਦਰ 20 ਡਾਲਰ ਪ੍ਰਤੀ ਘੰਟਾ

**ਵੈਲਿੰਗਟਨ** – ਦੇਸ਼ ਦੀ ਸੱਤਾ ਉੱਤੇ ਆਪਣੇ ਦਮ ਉੱਤੇ ਮੁੜ ਕਾਬਜ਼ ਹੋਈ ਲੇਬਰ ਪਾਰਟੀ ਦੀ ਸਰਕਾਰ ਨੇ ਆਪਣੇ ਪਹਿਲਾਂ ਕੀਤੇ ਐਲਾਨ ਮੁਤਾਬਿਕ 17 ਦਸੰਬਰ ਨੂੰ ਕਿਹਾ ਕਿ ਨਵੇਂ ਵਿੱਤੀ ਸਾਲ ਯਾਨੀ 1 ਅਪ੍ਰੈਲ 2021 ਤੋਂ ਮਿਹਨਤਾਨਾ ਦਰ 20 ਡਾਲਰ ਪ੍ਰਤੀ ਘੰਟਾ ਮਿਲੇਗੀ। ਜ਼ਿਕਰਯੋਗ ਹੈ ਕਿ ਇਸ ਵੇਲੇ ਮਿਹਨਤਾਨਾ ਦਰ 18.90 ਡਾਲਰ ਪ੍ਰਤੀ ਘੰਟਾ ਹੈ। ਲੇਬਰ ਸਰਕਾਰ ਨੇ ਕਿਹਾ ਕਿ ਹੁਣ 1 ਅਪ੍ਰੈਲ 2021 ਤੋਂ ਜਿਹੜੇ ਕਾਰੋਬਾਰੀਆਂ ਨਵੇਂ ਕਾਮਿਆਂ ਨੂੰ ਭਰਤੀ ਕਰਦੇ ਹਨ ਜਾਂ ਕਾਮਿਆਂ ਨੂੰ ਸਿਖਲਾਈ ਦਿੰਦੇ ਹਨ, ਤਾਂ ਉਸ ਸਿਖਲਾਈ ਪੀਰੀਅਡ ਦੇ ਦੌਰਾਨ ਉਨ੍ਹਾਂ ਨੂੰ ਪ੍ਰਤੀ ਘੰਟਾ ਮਿਹਨਤਾਨਾ ਦਰ 15.12 ਡਾਲਰ ਦੀ ਥਾਂ 16 ਡਾਲਰ ਪ੍ਰਤੀ ਘੰਟਾ ਦੇਣਾ ਪਿਆ ਕਰੇਗੀ।




# ਭਾਰਤੀ ਸਾਈਕਲ ਯਾਤਰੀ ਸੋਮੇਨ ਦੇਬਨਾਥ ਦੁਨੀਆ ਨੂੰ ਪੈਡਲ ਮਾਰ ਕੇ ਘੁੰਮ ਰਿਹਾ










**ਪਾਪਾਟੋਏਟੋਏ** – ਐਚਆਈਵੀ (ਏਡਜ਼) ਪ੍ਰਤੀ ਜਾਗਰੂਕਤਾ ਫੈਲਾਉਣ ਵਾਲੇ ਅਤੇ ਸਾਈਕਲ ਦੇ ਪੈਡਲਾਂ ਰਾਹੀ ਦੁਨੀਆ ਦਾ ਚੱਕਰ ਲਾਉਣ ਨਿਕਲੇ ਹੋਏ ਐਕਟਾਵਿਸਟ ਸੋਮੇਨ ਦੇਬਨਾਥ ਅੱਜਕੱਲ੍ਹ ਨਿਊਜ਼ੀਲੈਂਡ ਵਿੱਚ ਹਨ। ਕੋਰੋਨਾਵਾਇਰਸ ਮਹਾਂਮਾਰੀ ਸਮੇਂ ਉਹ ਨਿਊਜ਼ੀਲੈਂਡ ਪੁੱਜੇ ਸਨ ਪਰ ਲੌਕਡਾਊਨ ਹੋਣ ਕਰਕੇ ਹਾਲੇ ਇੱਥੇ ਹੀ ਰੁਕੇ ਹੋਏ ਹਨ ਅਤੇ ਹਾਲ ਦੀ ਘੜੀ ਆਪਣੇ ਮਿਸ਼ਨ ਦੇ ਰੁਕੇ ਹੋਣ ਕਰਕੇ ਨਿਊਜ਼ੀਲੈਂਡ ਵਿੱਚ ਕਈ ਥਾਵਾਂ ਉਤੇ ਜਾ ਕੇ ਐਚਆਈਵੀ (ਏਡਜ਼) ਪ੍ਰਤੀ ਜਾਗਰੂਕਤਾ ਫੈਲਾ ਰਹੇ ਹਨ।

ਪਿਛਲੇ ਦਿਨੀਂ ਕੂਕ ਪੰਜਾਬੀ ਸਮਾਚਾਰ ਦੇ ਦਫ਼ਤਰ ਆਏ ਅਤੇ ਉਨ੍ਹਾਂ 'ਕੂਕ' ਨਾਲ ਖ਼ਾਸ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਜਨਮ 1983 ਨੂੰ ਪਿੰਡ ਬਸੰਤੀ, ਦੱਖਣੀ 24 ਪਰਗਾਨਾਂ, ਸੁੰਦਰਬੰਸ, ਪੱਛਮੀ ਬੰਗਾਲ, ਭਾਰਤ ਦਾ ਹੈ। ਉਨ੍ਹਾਂ ਨੇ ਕਲਕੱਤਾ ਯੂਨੀਵਰਸਿਟੀ ਤੋਂ ਜੂਲੋਜੀ, ਜੀਓਲੋਜੀ ਅਤੇ ਐਂਥਰੋਪੋਲੋਜੀ ਦੀ ਪੜ੍ਹਾਈ ਅਤੇ ਸਰਬ ਭਾਰਤੀ ਯੂਨੀਵਰਸਿਟੀ ਤੋਂ ਫਾਈਨ ਆਰਟਸ ਵਿੱਚ ਡਿਗਰੀ ਪ੍ਰਾਪਤ ਕੀਤੀ ਹੋਈ ਹੈ।

ਉਹ ਪੂਰੀ ਦੁਨੀਆ ਦਾ ਚੱਕਰ ਸਾਈਕਲ ਰਾਹੀ ਲੱਗਾ ਰਹੇ ਹਨ ਅਤੇ ਹੁਣ ਤੱਕ ਉਹ ਨਿਊਜ਼ੀਲੈਂਡ ਆਉਣ ਤੋਂ ਪਹਿਲਾਂ 156 ਦੇਸ਼ਾਂ ਦਾ ਚੱਕਰ ਲੱਗਾ ਚੁੱਕੇ ਹਨ ਅਤੇ ਨਿਊਜ਼ੀਲੈਂਡ 157 ਦੇਸ਼ ਹੈ। ਪਰ ਕੋਰੋਨਾਵਾਇਰਸ ਮਹਾਂਮਾਰੀ (ਕੋਵਿਡ 19) ਦੇ ਕਰਕੇ ਉਹ ਹਾਲ ਦੀ ਘੜੀ ਨਿਊਜ਼ੀਲੈਂਡ ਵਿੱਚ ਹੀ ਰੁਕੇ ਹੋਏ ਹਨ ਅਤੇ ਜਲਦੀ ਹੀ ਉਹ ਆਪਣੀ ਅਗਲੀ ਯਾਤਰਾ ਆਰੰਭ ਕਰਨਗੇ ਅਤੇ ਆਪਣੇ ਵੱਲੋਂ ਮਿਥੇ 191 ਦੇਸ਼ਾਂ ਦੇ ਦੌਰੇ ਨੂੰ ਪੂਰਾ ਕਰਨਗੇ। ਸਾਈਕਲਿਸਟ ਸੋਮੇਨ ਨੇ ਕਿਹਾ ਕਿ ਉਨ੍ਹਾਂ ਨੇ ਸਾਈਕਲ ਰਾਹੀ ਪੂਰੀ ਦੁਨੀਆ ਦਾ ਗੇੜਾ ਲਾਉਣ ਦੀ ਸ਼ੁਰੂਆਤ 2004 ਤੋਂ ਆਰੰਭੀ ਹੋਈ ਹੈ ਅਤੇ ਹੁਣ ਸਿਰਫ਼ 34 ਹੋਰ ਦੇਸ਼ ਘੁੰਮਣੇ ਬਾਕੀ ਹਨ। ਪਰ ਕੋਰੋਨਾਵਾਇਰਸ ਮਹਾਂਮਾਰੀ ਦੇ ਕਰਕੇ ਹਾਲ ਦੀ ਘੜੀ ਉਨ੍ਹਾਂ ਦੀ ਯਾਤਰਾ ਰੁਕੀ ਹੋਈ ਹੈ ਤੇ ਉਨ੍ਹਾਂ ਨੂੰ ਇਸ ਦੇ ਮੁੜ ਜਲਦੀ ਸ਼ੁਰੂ ਹੋਣ ਦੀ ਆਸ ਹੈ ਅਤੇ ਪੂਰੀ ਦੁਨੀਆ ਨੂੰ ਸਾਈਕਲ ਰਾਹੀ ਗੁੰਮਣ ਦਾ ਆਪਣਾ ਸੁਪਨਾ ਪੂਰਾ ਕਰਨਗੇ। ਉਨ੍ਹਾਂ ਦੱਸਿਆ ਕਿ 20 ਸਾਲ ਦੀ ਉਮਰ ਤੋਂ ਦੁਨੀਆ ਸਾਈਕਲ ਰਾਹੀ ਘੁੰਮਣ ਦਾ ਸਫ਼ਰ ਸ਼ੁਰੂ ਕੀਤਾ ਹੋਇਆ ਹੈ, ਹੁਣ ਤੱਕ ਉਹ ਏਸ਼ੀਆ ਦੇ 24 ਦੇਸ਼, ਯੂਰੋਪ ਦੇ 45 ਦੇਸ਼, ਅਫ਼ਰੀਕਾ ਦੇ 52 ਦੇਸ਼, ਮਿਡਲ ਈਸਟ 10 ਦੇਸ਼, ਦੱਖਣੀ ਅਮਰੀਕਾ 14, ਸੈਂਟਰਲ ਅਮਰੀਕਾ ਦੇ 8 ਅਤੇ ਕੈਰੇਬੀਅਨ ਦੇ 8 ਦੇਸ਼ ਘੁੰਮ ਚੁੱਕੇ ਹਨ। ਅਮਰੀਕਾ ਦੇ 35 ਸੂਬਿਆਂ ਦਾ ਸਫ਼ਰ ਕੀਤਾ। ਉਨ੍ਹਾਂ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਦਾ ਸੁਪਨਾ ਭਾਰਤ ਵਿੱਚ 'ਗਲੋਬਲ ਪਿੰਡ' ਵਸਾਉਣ ਦਾ ਹੈ, ਜਿਸ ਵਿੱਚ ਕੋਈ ਵੀ ਕਿਸੇ ਵੀ ਦੇਸ਼ ਧਰਮ ਜਾਤੀ ਦਾ ਮਨੁੱਖ ਆ ਕਿ ਰਹਿ ਸਕੇਗਾ।

# ਡਿਸਕਾਊਂਟ ਬਿਲਡਿੰਗ ਸਪਲਾਇਰ (ਡੀਬੀਐਸ) ਵੱਲੋਂ ਕ੍ਰਿਸਮਸ ਬਾਰਬੀਕਿਊ ਪਾਰਟੀ



ਮੈਨੂਕਾਓ – 19 ਦਸੰਬਰ ਨੂੰ ਕੈਵਨਡਿਸ਼ ਡਰਾਈਵ, ਮੈਨੂਕਾਓ ਵਿਖੇ ਸਥਿਤ ਡਿਸਕਾਊਂਟ ਬਿਲਡਿੰਗ ਸਪਲਾਇਰ (ਡੀਬੀਐਸ) ਵੱਲੋਂ ਆਪਣੇ ਗ੍ਰਾਹਕਾਂ, ਸਪਲਾਇਰਸ, ਵਰਕਿੰਗ ਸਾਥੀਆਂ ਅਤੇ ਮਿੱਤਰਾਂ ਲਈ ਕ੍ਰਿਸਮਸ ਮੌਕੇ ਹਰ ਸਾਲ ਦੀ ਤਰ੍ਹਾਂ ਬਾਰਬੀਕਿਊ ਪਾਰਟੀ ਦਾ ਆਯੋਜਨ ਕੀਤਾ ਗਿਆ।

For more info log in:
www.kuksamachar.co.nz

Place Your Ad
09 2504844, 021 028 30967

# ਸੈਕਰਾਮੈਂਟੋ, ਕੈਲੀਫੋਰਨੀਆ ਵਿੱਚ ਕਿਸਾਨ ਮੋਰਚੇ ਦੇ ਹੱਕ ਚ ਕਾਰ ਟਰੱਕ ਰੈਲੀ ਵਿੱਚ ਰਿਕਾਰਡ ਤੋੜ ਇਕੱਠ, ਲੋਕ ਪਰਿਵਾਰਾਂ ਸਮੇਤ ਹੋਏ ਸ਼ਾਮਿਲ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** – ਦਿੱਲੀ ਵਿੱਚ ਹੱਕੀ ਮੰਗਾਂ ਲਈ ਜੂਝ ਰਹੇ ਪੰਜਾਬ ਸਮੇਤ ਭਾਰਤ ਦੇ ਕਿਸਾਨਾਂ ਦੇ ਲਈ ਹਾਅ ਦਾ ਨਾਅਰਾ ਮਾਰਨ ਲਈ ਅੱਜ ਸੈਕਰਾਮੈਂਟੋ ਵਿੱਚ ਹਜ਼ਾਰਾਂ ਲੋਕ ਕਾਰ ਟਰੱਕ ਰੈਲੀ ਵਿੱਚ ਸ਼ਾਮਿਲ ਹੋਏ ਜਿਸ ਦੌਰਾਨ ਰਿਕਾਰਡ ਤੋੜ ਇਕੱਠ ਹੋਇਆ ਜੋ ਕਿ ਅਮਰੀਕਾ ਵਿੱਚ ਹੋਏ ਵੱਖ ਵੱਖ ਥਾਵਾਂ ਦੇ ਇਕੱਠਾਂ ਨੂੰ ਮਾਤ ਪਾ ਗਿਆ। ਇਹ ਵਿਸ਼ਾਲ ਇਕੱਠ ਸੈਕ ਸਟੇਟ ਕਾਲਜ ਦੀ ਪਾਰਕਿੰਗ ਲੌਟ ਵਿੱਚੋਂ ਸ਼ੁਰੂ ਹੋ ਕਿ ਸਟੇਟ ਕੈਪੀਟਲ ਭਾਵ ਗਵਰਨਰ ਹਾਊਸ ਦੇ ਅੱਗੋਂ ਦੀ ਗੁਜ਼ਰਿਆ। ਪਹਿਲਾਂ ਸੈਕ ਸਟੇਟ ਕਾਲਜ ਦੀ ਪਾਰਕਿੰਗ ਲੌਟ ਵਿੱਚ ਲੋਕਾਂ ਦੇ ਭਰਵੇਂ ਇਕੱਠ ਚ ਅਰਦਾਸ ਹੋਈ ਤੇ ਫਿਰ ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਰੱਖੇ। ਇਸ ਦੌਰਾਨ ਕਾਲਜ ਦੇ ਨੌਜੁਆਨ ਪ੍ਰਬੰਧਕਾਂ ਤੇ ਵਿਦਿਆਰਥੀਆਂ ਨੇ ਮੋਰਚੇ ਦੌਰਾਨ ਡਟੇ ਕਿਸਾਨਾਂ ਦਾ ਸਾਥ ਦਿੰਦਿਆਂ ਬੋਲਦਿਆਂ ਕਿਹਾ ਅਸੀਂ ਕਿਸਾਨਾਂ ਦੇ ਬੱਚੇ ਹਾਂ ਤੇ ਅੱਜ ਤੀਜੀ ਪੀੜੀ ਭਾਵੇਂ ਪ੍ਰਵਾਸੀ ਹੈ ਪਰ ਸਾਡੇ ਪਿਓ ਬਾਬੇ ਦੀ ਜ਼ਮੀਨ ਸਾਡੀ ਜ਼ਮੀਰ ਹੈ ਅਸੀਂ ਕਿਸੇ ਵੀ ਹੀਲੇ ਵਸੀਲੇ ਕਾਰਪੋਰੇਟ ਘਰਾਣਿਆਂ ਦੇ ਹੱਥ ਇਹ ਜੱਦੀ ਜ਼ਮੀਨਾਂ ਨਹੀਂ ਜਾਣ ਦੇਵਾਂਗੇ। ਵਿਦਿਆਰਥੀ ਪ੍ਰਬੰਧਕਾਂ ਨੇ ਮੋਦੀ ਸਰਕਾਰ ਤੇ ਜੰਮ ਕੇ ਭੜਾਸ ਕੱਢੀ। ਇਸ ਮੌਕੇ ਮੁੱਖ ਪ੍ਰਬੰਧਕ ਨਰਿੰਦਰ ਸਿੰਘ ਥਾਂਦੀ ਦੌਲਤਪੁਰ ਨੇ ਭਾਰਤ ਸਰਕਾਰ ਨੂੰ ਲੰਬੇ ਹੱਥੀਂ ਲੈਂਦਿਆਂ ਕਿਹਾ ਇਹ ਤਿੰਨ ਕਾਨੂੰਨਾਂ ਨੂੰ ਖੇਤੀ ਉੱਪਰ ਲਾਗੂ ਕਰਨਾ ਇੱਕ ਕਿਸਾਨੀ ਖ਼ਤਮ ਕਰਨਾ ਹੈ ਤੇ ਭਾਰਤ ਸਰਕਾਰ ਦੇ ਇਨ੍ਹਾਂ ਕਾਨੂੰਨਾਂ ਦੇ ਖ਼ਿਲਾਫ਼ ਡਟੇ ਕਿਸਾਨਾਂ ਦੀ ਅਮਰੀਕਾ ਦੇ ਪੰਜਾਬੀ ਪੁਰ ਜ਼ੋਰ ਮਦਦ ਕਰਦੇ ਹਨ ਤੇ ਕਰਨਗੇ। ਉਨਾਂ ਇਸ ਸਮੇਂ ਮੋਦੀ ਮੀਡੀਆ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਜੋ ਕਿਸਾਨ ਮੋਰਚੇ ਨੂੰ ਹੋਰ ਰੰਗਤ ਦੇ ਕੇ ਪੇਸ਼ ਕਰ ਰਿਹਾ ਹੈ। ਨਰਿੰਦਰ ਥਾਂਦੀ ਦੌਲਤਪੁਰ ਨੇ ਇਸ ਮੌਕੇ ਭਾਜਪਾ ਦੇ ਲੀਡਰਾਂ ਦਾ ਸਿਆਸੀ ਤੇ ਸਮਾਜਿਕ ਬਾਈਕਾਟ ਕਰਨ ਦਾ ਵੀ ਸੱਦਾ ਦਿੱਤਾ, ਇਸ ਮੌਕੇ ਬਾਕੀ ਸੰਸਥਾਵਾਂ ਵਾਂਗ ਸ਼ਹੀਦ ਬਾਬਾ ਕਰਮ ਸਿੰਘ ਬੱਬਰ ਦੌਲਤਪੁਰ ਐਨਆਰਆਈ ਸਪੋਰਟਸ ਐਂਡ ਵੈਲਫੇਅਰ ਕਲੱਬ ਨੇ ਇਲਾਕੇ ਦੇ ਭਾਜਪਾ ਆਗੂ ਸੋਮਨਾਥ ਦਾ ਬਾਈਕਾਟ ਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਅੱਜ ਦੀ ਕਾਰ ਰੈਲੀ ਵਿੱਚ ਆਉਣ ਦੀ ਅਪੀਲ ਲਈ ਪੰਜਾਬੀ ਗਾਇਕ ਮਨਮੋਹਨ ਵਾਰਿਸ, ਪੰਜਾਬੀ ਗਾਇਕ ਸਰਦੂਲ ਸਕੰਦਰ, ਗੀਤਕਾਰ ਜਸਵੀਰ ਗੁਣਾਚੌਰੀਆ, ਜੱਸੀ ਕਨੇਡਾ, ਜੱਗਾ ਢੀਂਡਸਾ, ਕੈਲੀਫੋਰਨੀਆ ਸਿੱਖ ਯੂਥ ਇਲਾਇੰਸ, ਖਾਲਸਾ ਏਡ ਦੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਕਾਰ ਟਰੱਕ ਰੈਲੀ ਵਿੱਚ ਲੋਕਾਂ ਨੇ ਪਰਿਵਾਰਾਂ ਸਮੇਤ ਸ਼ਮੂਲੀਅਤ ਕੀਤੀ। ਪੰਜਾਬੀ ਨੌਜੁਆਨ ਬੱਚਿਆਂ ਤੋਂ ਇਲਾਵਾ ਗੋਰਿਆਂ ਦੇ ਬੱਚੇ ਵੀ ਕਿਸਾਨਾਂ ਦੇ ਪੱਖ ਵਿੱਚ ਬੈਨਰ ਚੁੱਕੀ ਨਜ਼ਰ ਆਏ।

ਇਸ ਮੌਕੇ ਵੱਖ ਵੱਖ ਸ਼ਹਿਰਾਂ ਤੋਂ ਜਿਵੇਂ ਸਟਾਕਟਨ, ਯੂਬਾ ਸਿਟੀ, ਫਰੀਮਾਂਟ, ਬੇ ਏਰੀਆ, ਵੁਡਲੈਂਡ, ਲੋਡਾਈ, ਫਰਿਜਨੋਂ, ਰੀਨੋ, ਡਿਕਸਨ, ਐਲਕ ਗਰੋਵ ਆਦਿ ਸ਼ਹਿਰਾਂ ਤੋਂ ਲੋਕਾਂ ਨੇ ਵੱਧ ਚੜ ਕੇ ਸ਼ਮੂਲੀਅਤ ਕੀਤੀ। ਇਸ ਕਾਰ ਰੈਲੀ ਨਾਲ ਸੈਕਰਾਮੈਂਟੋ ਦੀਆਂ ਸੜਕਾਂ ਤੇ ਘੰਟੇ ਵੱਧੀ ਜਾਮ ਲਗ ਗਿਆ । ਇਸ ਵਿਸ਼ਾਲ ਰੈਲੀ ਵਿੱਚ ਭਾਈਚਾਰੇ ਦੀਆਂ ਹੋਰ ਵੱਖ ਵੱਖ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਭਰਵੀਂ ਹਾਜ਼ਰੀ ਦਿੱਤੀ।

# ਆਈਆਰਸੀਟੀਸੀ ਨੇ ਮੋਦੀ ਦੇ ਸਿੱਖਾਂ ਨਾਲ ਰਿਸ਼ਤਿਆਂ ਸਬੰਧੀ ਗਾਹਕਾਂ ਨੂੰ ਲਗਭਗ 2 ਕਰੋੜ ਈ-ਮੇਲਾਂ ਭੇਜੀਆਂ

**ਨਵੀਂ ਦਿੱਲੀ** – ਆਈਆਰਸੀਟੀਸੀ ਨੇ 8 ਦਸੰਬਰ ਤੋਂ 12 ਦਸੰਬਰ ਵਿਚਾਲੇ ਆਪਣੇ ਗਾਹਕਾਂ ਨੂੰ ਲਗਭਗ 2 ਕਰੋੜ ਈ-ਮੇਲਾਂ ਭੇਜੀਆਂ ਹਨ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖ ਭਾਈਚਾਰੇ ਦੇ ਹੱਕ ਵਿੱਚ ਲਏ ਗਏ 13 ਫ਼ੈਸਲਿਆਂ ਦੀ ਸੂਚੀ ਦਿੱਤੀ ਗਈ ਹੇ। ਜਦੋਂ ਕਿ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਕਿਸਾਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ।




ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈਆਰਸੀਟੀਸੀ), ਰੇਲਵੇ ਦਾ ਸਰਕਾਰੀ ਮਾਲਕੀ ਵਾਲਾ ਅਦਾਰਾ ਹੈ, ਜਿਸ ਨੇ ਆਪਣੇ ਗਾਹਕਾਂ ਨੂੰ 47 ਪੰਨਿਆਂ ਦਾ ਕਿਤਾਬਚਾ 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦਾ ਸਿੱਖਾਂ ਨਾਲ ਖ਼ਾਸ ਰਿਸ਼ਤਾ' ਭੇਜਿਆ ਹੈ, ਜੋ ਲੋਕਾਂ ਨੂੰ ਬਿਲਾਂ ਬਾਰੇ ਜਾਗਰੂਕ ਕਰਨ ਅਤੇ ਉਸ ਬਾਰੇ ਫੈਲੇ ਭੁਲੇਖਿਆਂ ਨੂੰ ਦੂਰ ਕਰਨ ਦੀ ਸਰਕਾਰ ਦੀ 'ਲੋਕ ਹਿੱਤ' ਸੋਚ ਦਾ ਹਿੱਸਾ ਹੈ। ਇਹ ਕਿਤਾਬਚੇ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿੱਚ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਹ ਈ-ਮੇਲਾਂ ਆਈਆਰਸੀਟੀਸੀ ਦੇ ਪੂਰੇ ਡੇਟਾਬੇਸ ਨੂੰ ਭੇਜੀਆਂ ਗਈਆਂ ਜਿੱਥੇ ਯਾਤਰੀ ਟਿਕਟਾਂ ਦੀ ਬੁਕਿੰਗ ਕਰਦੇ ਹਨ ਤੇ ਆਪਣੇ ਵੇਰਵੇ ਦਰਜ ਕਰਦੇ ਹਨ। ਪੀਐਸਯੂ ਨੇ ਇਨ੍ਹਾਂ ਰਿਪੋਰਟਾਂ ਦਾ ਖੰਡਨ ਕੀਤਾ ਹੈ ਕਿ ਈਮੇਲ ਸਿਰਫ਼ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਹੀ ਭੇਜੀ ਗਈ ਹੈ।

ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਵੀ ਆਈਆਰਸੀਟੀਸੀ ਵੱਲੋਂ ਲੋਕ ਹਿੱਤ ਵਿੱਚ ਸਰਕਾਰੀ ਭਲਾਈ ਸਕੀਮਾਂ ਨੂੰ ਉਤਸ਼ਾਹਿਤ ਕਰਨ ਲਈ ਅਜਿਹੀਆਂ ਕਾਰਵਾਈਆਂ ਕੀਤੀਆਂ ਜਾ ਚੁੱਕੀਆਂ ਹਨ। ਕੌਮੀ ਟਰਾਂਸਪੋਰਟ ਦੇ ਸੂਤਰ ਨੇ ਦੱਸਿਆ ਕਿ ਆਈਆਰਸੀਟੀਸੀ ਨੇ 12 ਅਕਤੂਬਰ ਤੱਕ 5 ਦਿਨਾਂ ਵਿੱਚ 1.9 ਕਰੋੜ ਈ-ਮੇਲਾਂ ਭੇਜੀਆਂ ਹਨ। ਇਸ ਕੀਤਾਬਚੇ ਦਾ ਹੁਣ ਸਿੱਖ ਭਾਈਚਾਰੇ ਦੇ ਕਈ ਲੋਕਾਂ ਵੱਲੋਂ ਵਿਰੋਧ ਹੋਣ ਲੱਗ ਪਿਆ ਹੈ।

**ਇੰਡੀਅਨ ਹਾਈ ਕਮਿਸ਼ਨ ਨੇ ਵੀ ਜਾਣਕਾਰੀ ਸਾਂਝੀ ਕੀਤੀ :**

ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਦੀ ਰਾਜਧਾਨੀ ਵੈਲਿੰਗਟਨ ਵਿਖੇ ਸਥਿਤ ਇੰਡੀਅਨ ਹਾਈ ਕਮਿਸ਼ਨ ਵੱਲੋਂ ਵੀ 30 ਨਵੰਬਰ ਨੂੰ ਸਥਾਨਕ ਭਾਰਤੀ ਮੀਡੀਆ ਕਰਮੀਆਂ ਨੂੰ ਵੀ ਆਪਣੇ ਵੱਟਐੱਪ ਗਰੁਪ ਰਾਹੀ ਇਸ ਕਿਤਾਬਚੇ ਦੀ ਹਿੰਦੀ, ਅੰਗਰੇਜ਼ੀ ਅਤੇ ਪੰਜਾਬੀ ਵਿੱਚ ਜਾਣਕਾਰੀ ਦਿੱਤੀ ਗਈ ਹੈ।

# ਅਮਰੀਕਾ 'ਚ ਸਿੱਖ ਅਫ਼ਸਰ ਦੇ ਨਾਂ 'ਤੇ ਡਾਕਖ਼ਾਨੇ ਦਾ ਨਾਂ ਰੱਖਣ ਬਾਰੇ ਬਿੱਲ ਪਾਸ



**ਵਾਸ਼ਿੰਗਟਨ** – ਅਮਰੀਕੀ ਸੈਨੇਟ ਨੇ ਹਿਊਸਟਨ 'ਚ ਇੱਕ ਡਾਕਖ਼ਾਨੇ ਦਾ ਨਾਂ ਸਿੱਖ ਪੁਲੀਸ ਅਫ਼ਸਰ ਸੰਦੀਪ ਸਿੰਘ ਧਾਲੀਵਾਲ ਦੇ ਨਾਂ 'ਤੇ ਰੱਖਣ ਸਬੰਧੀ ਬਿੱਲ ਪਾਸ ਕਰ ਦਿੱਤਾ ਹੈ। ਪਿਛਲੇ ਸਾਲ ਧਾਲੀਵਾਲ ਆਪਣੀ ਟਰੈਫ਼ਿਕ ਡਿਊਟੀ 'ਤੇ ਸੀ ਜਦੋਂ ਉਸ ਨੂੰ ਗੋਲੀ ਮਾਰ ਦਿੱਤੀ ਗਈ ਸੀ, ਜਿਸ ਨਾਲ ਉਸ ਦੀ ਮੌਤ ਹੋ ਗਈ ਸੀ। ਹਿਊਸਟਨ 'ਚ 315 ਐਂਡਿਕਸ ਹੋਵੈਲ ਰੋਡ 'ਤੇ ਸਥਿਤ ਡਾਕਖ਼ਾਨੇ ਦਾ ਨਾਂ 'ਡਿਪਟੀ ਸੰਦੀਪ ਸਿੰਘ ਧਾਲੀਵਾਲ ਪੋਸਟ ਆਫ਼ਿਸ ਬਿਲਡਿੰਗ' ਰੱਖਣ ਸਬੰਧੀ ਬਿੱਲ ਅਮਰੀਕੀ ਸੰਸਦ ਦੇ ਹੇਠਲੇ ਸਦਨ ਵੱਲੋਂ ਸਤੰਬਰ ਮਹੀਨੇ ਹੀ ਪਾਸ ਕਰ ਦਿੱਤਾ ਗਿਆ ਸੀ।



## ਲੋਕਾਂ ਨੂੰ ਸ਼ਾਂਤੀ ਨਾਲ ਰੋਸ ਪ੍ਰਗਟਾਉਣ ਦਾ ਪੂਰਾ ਹੱਕ – ਸੰਯੁਕਤ ਰਾਸ਼ਟਰ

**ਸੰਯੁਕਤ ਰਾਸ਼ਟਰ** – 5 ਦਸੰਬਰ ਨੂੰ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਅੰਤੋਨੀਓ ਗੁਟੇਰੇਜ਼ ਦੇ ਬੁਲਾਰੇ ਨੇ ਭਾਰਤ ਵਿੱਚ ਜਾਰੀ ਕਿਸਾਨਾਂ ਦੇ ਮੁਜ਼ਾਹਰਿਆਂ ਦੇ ਸੰਦਰਭ ਵਿੱਚ ਕਿਹਾ ਹੈ ਕਿ ਲੋਕਾਂ ਨੂੰ ਸ਼ਾਂਤੀਪੂਰਨ ਢੰਗ ਨਾਲ ਰੋਸ ਪ੍ਰਗਟਾਉਣ ਦਾ ਹੱਕ ਹੈ ਤੇ ਸਰਕਾਰ ਨੂੰ ਉਨ੍ਹਾਂ ਨੂੰ ਅਜਿਹਾ ਕਰਨ ਦੇਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਭਾਰਤ ਨੇ ਰੋਸ ਮੁਜ਼ਾਹਰਿਆਂ ਬਾਰੇ ਵਿਦੇਸ਼ੀ ਆਗੂਆਂ ਦੀਆਂ ਟਿੱਪਣੀਆਂ ਨੂੰ ਬੇਲੋੜਾ ਦੱਸਿਆ ਸੀ। ਭਾਰਤ ਨੇ ਕਿਹਾ ਸੀ ਕਿ ਇਨ੍ਹਾਂ ਆਗੂਆਂ ਨੂੰ ਖੇਤੀ ਕਾਨੂੰਨਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ ਤੇ ਇਹ ਲੋਕਤੰਤਰਿਕ ਮੁਲਕ ਦਾ ਅੰਦਰੂਨੀ ਮਸਲਾ ਹੈ। ਸਕੱਤਰ ਜਨਰਲ ਦੇ ਬੁਲਾਰੇ ਸਟੇਫਨ ਦੁਜਾਰਿਕ ਨੇ ਕਿਹਾ ਕਿ, 'ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਮੈਂ ਉਹੀ ਕਹਾਂਗਾ ਜੋ ਅਜਿਹੇ ਮਾਮਲਿਆਂ ਵਿੱਚ ਹੋਰਾਂ ਬਾਰੇ ਕਹਿੰਦਾ ਰਿਹਾ ਹਾਂ, ਸ਼ਾਂਤੀਪੂਰਨ ਢੰਗ ਨਾਲ ਰੋਸ ਪ੍ਰਗਟਾਉਣ ਦਾ ਹੱਕ ਸਾਰਿਆਂ ਨੂੰ ਹੈ ਤੇ ਅਜਿਹਾ ਕਰਨ ਦੇਣਾ ਚਾਹੀਦਾ ਹੈ'। ਸਕੱਤਰ-ਜਨਰਲ ਦਾ ਬੁਲਾਰਾ ਕਿਸਾਨ ਮੁਜ਼ਾਹਰਿਆਂ ਬਾਰੇ ਪੁੱਛੇ ਗਏ ਇਕ ਸਵਾਲ ਦਾ ਜਵਾਬ ਦੇ ਰਿਹਾ ਸੀ। ਦੁਜਾਰਿਕ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਚਾਹੁੰਦਾ ਹੈ ਕਿ ਲੋਕਾਂ ਨੂੰ ਆਵਾਜ਼ ਬੁਲੰਦ ਕਰਨ ਦਾ ਹੱਕ ਹੋਵੇ। ਰੋਜ਼ਾਨਾ ਦੇ ਮੀਡੀਆ ਸੰਬੋਧਨ ਦੌਰਾਨ ਸਕੱਤਰ-ਜਨਰਲ ਦੇ ਬੁਲਾਰੇ ਨੇ ਕਿਹਾ ਕਿ ਸ਼ਾਂਤੀਪੂਰਨ ਢੰਗ ਨਾਲ ਰੋਸ ਦਰਜ ਕਰਵਾਉਣ ਦਾ ਹੱਕ ਹਰੇਕ ਨੂੰ ਹੋਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ 1 ਦਸੰਬਰ ਦਿਨ ਮੰਗਲਵਾਰ ਕਿਹਾ ਸੀ ਕਿ, 'ਚੰਗਾ ਇਹੀ ਹੋਵੇਗਾ ਕਿ ਕੂਟਨੀਤਕ ਸੰਵਾਦ ਨੂੰ ਸਿਆਸੀ ਮੰਤਵ ਵਜੋਂ ਨਾ ਲਿਆ ਜਾਵੇ'। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਕੀਤੀ ਟਿੱਪਣੀ ਦਾ ਨੋਟਿਸ ਲੈਂਦਿਆਂ ਭਾਰਤ ਨੇ 4 ਦਸੰਬਰ ਦਿਨ ਸ਼ੁੱਕਰਵਾਰ ਕੈਨੇਡੀਅਨ ਹਾਈ ਕਮਿਸ਼ਨਰ ਨੂੰ ਤਲਬ ਵੀ ਕੀਤਾ ਸੀ। ਭਾਰਤ ਨੇ ਕਿਹਾ ਸੀ ਕਿ ਮੁਲਕ ਦੇ ਅੰਦਰੂਨੀ ਮਸਲਿਆਂ ਵਿੱਚ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਇਸ ਦਾ ਦੁਵੱਲੇ ਰਿਸ਼ਤਿਆਂ 'ਤੇ ਗੰਭੀਰ ਅਸਰ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਤਿੰਨ ਨਵੇਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਭਾਰਤ ਦੇ ਕਿਸਾਨਾਂ ਨੇ ਦਿੱਲੀ-ਹਰਿਆਣਾ ਅਤੇ ਦਿੱਲੀ-ਉੱਤਰ ਪ੍ਰਦੇਸ਼ ਦੀਆਂ ਹੱਦਾਂ ਜਾਮ ਕੀਤੀਆਂ ਹੋਈਆਂ ਹਨ। ਜਦੋਂ ਕਿ ਸਰਕਾਰ ਵੱਲੋਂ ਕਾਨੂੰਨਾਂ ਦਾ ਪੱਖ ਪੂਰਿਆ ਜਾ ਰਿਹਾ ਹੈ।

## ਕਿਸਾਨੀ ਸੰਘਰਸ਼: ਆਕਲੈਂਡ ਸਿਟੀ ਸੈਂਟਰ ਦੇ ਓਟੀਆ ਸੁਕੇਅਰ ਵਿਖੇ ਭਾਰਤੀ ਕਿਸਾਨਾਂ ਦੇ ਹੱਕ ਵਿੱਚ ਮੁਜ਼ਾਹਰਾ







**ਆਕਲੈਂਡ** – ਇੱਥੇ 6 ਦਸੰਬਰ ਦਿਨ ਐਤਵਾਰ ਨੂੰ ਸਿਟੀ ਸੈਂਟਰ ਦੇ ਓਟੀਆ ਸੁੱਕੇਅਰ ਵਿਖੇ ਦੁਪਹਿਰ ਨੂੰ ਭਾਰਤੀ ਕਿਸਾਨਾਂ ਦੇ ਹੱਕ ਵਿੱਚ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੁਜ਼ਾਹਰੇ ਵਿੱਚ ਕਾਫ਼ੀ ਵੱਡੀ ਗਿਣਤੀ ਵਿੱਚ ਪੁੱਜੇ ਲੋਕ ਪਹੁੰਚੇ ਅਤੇ ਭਾਰਤ ਸਰਕਾਰ ਦੇ ਖ਼ਿਲਾਫ਼ ਗ਼ੁੱਸਾ ਪ੍ਰਗਟ ਕਰਦੇ ਹੋਏ ਨਾਅਰੇ ਲਗਾਏ ਅਤੇ ਭਾਰਤ ਵਿਚਲੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਬਿੱਲਾਂ ਦੇ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ। ਇਸ ਮੌਕੇ ਬਹੁਤੇ ਲੋਕ ਆਪਣੇ ਪਰਿਵਾਰਾਂ ਸਣੇ ਪੁੱਜੇ ਹੋਏ ਸਨ ਅਤੇ ਕਈਆਂ ਦੇ ਨਾਲ ਉਨ੍ਹਾਂ ਦੇ ਬੱਚੇ ਵੀ ਸਨ। ਜਿਨ੍ਹਾਂ ਦੇ ਹੱਥਾਂ ਵਿੱਚ ਭਾਰਤ ਸਰਕਾਰ ਵਿਰੁੱਧ ਲਿਖੇ ਨਾਅਰਿਆਂ ਵਾਲੇ ਬੈਨਰ ਵੀ ਸਨ।

ਕਈ ਰੋਸ ਮੁਜ਼ਾਹਰਾਕਾਰੀਆਂ ਨੇ ਆਪਣੀਆਂ ਗੱਡੀਆਂ ਉੱਤੇ ਕਿਸਾਨੀ ਹਮਾਇਤੀ ਜਥੇਬੰਦੀਆਂ ਦੇ ਝੰਡੇ ਅਤੇ ਪੋਸਟਰ ਲਗਾਏ ਹੋਏ ਸਨ। ਰੋਸ ਮੁਜ਼ਾਹਰੇ ਨੂੰ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਭਾਰਤ ਸਰਕਾਰ ਦੀ ਨੀਤੀਆਂ ਅਤੇ ਨੀਅਤ ਵਿਰੁੱਧ ਆਪਣੇ ਵਿਚਾਰ ਸਾਂਝੇ ਕੀਤੇ।

## ਕਿਸਾਨਾਂ ਨੂੰ ਖੇਤੀ ਸੁਧਾਰਾਂ ਦਾ ਲਾਭ ਮਿਲਣਾ ਸ਼ੁਰੂ ਹੋਇਆ – ਪ੍ਰਧਾਨ ਮੰਤਾਰੀ ਮੋਦੀ

**ਨਵੀਂ ਦਿੱਲੀ** – 19 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਵੱਲੋਂ ਕੀਤੇ ਗਏ ਮੈਨੂੰਫੈਕਚਰਿੰਗ ਤੋਂ ਲੈ ਕੇ ਕਿਰਤ ਸੁਧਾਰਾਂ ਤੱਕ ਦੇ ਲਾਭ ਗਿਣਾਏ ਅਤੇ ਕਿਹਾ ਕਿ ਇਨ੍ਹਾਂ ਸੁਧਾਰਾਂ ਨਾਲ ਦੁਨੀਆ ਦੀ ਮੁਲਕ ਪ੍ਰਤੀ ਧਾਰਨਾ ਬਦਲ ਗਈ ਹੈ। ਦਿੱਲੀ 'ਚ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਛੇ ਮਹੀਨੇ ਪਹਿਲਾਂ ਕੀਤੇ ਗਏ ਖੇਤੀ ਸੁਧਾਰਾਂ ਨਾਲ ਕਿਸਾਨਾਂ ਨੂੰ ਲਾਭ ਮਿਲਣਾ ਸ਼ੁਰੂ ਹੋ ਗਿਆ ਹੈ। ਇੱਥੇ ਐਸੋਚੈਮ ਫਾਊਂਡੇਸ਼ਨ ਵੀਕ ਸਮਾਗਮ ਦੌਰਾਨ ਆਪਣੇ ਸੰਬੋਧਨ 'ਚ ਉਨ੍ਹਾਂ ਸਰਕਾਰ ਵੱਲੋਂ ਪਿਛਲੇ ਸਾਲਾਂ 'ਚ ਕੀਤੇ ਗਏ ਸੁਧਾਰਾਂ ਬਾਰੇ ਕਿਹਾ, "ਸਾਡੀ ਸਰਕਾਰ ਦੇ ਆਰਥਿਕ ਸੁਧਾਰਾਂ ਨੇ ਮੁਲਕ ਨੂੰ ਲੈ ਕੇ ਆਲਮੀ ਧਾਰਨਾ ਬਦਲੀ ਹੈ। ਪਹਿਲਾਂ ਲੋਕ ਸੋਚਦੇ ਸਨ ਕਿ 'ਭਾਰਤ 'ਚ ਕਿਉਂ" (ਨਿਵੇਸ਼ ਕੀਤਾ ਜਾਵੇ) ਪਰ ਹੁਣ ਉਹ ਸੋਚਦੇ ਹਨ ਕਿ 'ਭਾਰਤ 'ਚ ਕਿਉਂ ਨਾ' ਕੀਤਾ ਜਾਵੇ।" ਉਨ੍ਹਾਂ 1500 ਸਾਲ ਪੁਰਾਣੇ ਕਾਨੂੰਨਾਂ ਨੂੰ ਰੱਦ ਕਰਕੇ ਨਵੇਂ ਕਾਨੂੰਨ ਬਣਾਉਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਬਦਲਦੇ ਨਿਵੇਸ਼ ਮੁਤਾਬਕ ਹਨ। 'ਪਹਿਲਾਂ ਨਿਵੇਸ਼ਕ ਉੱਚੀਆਂ ਟੈਕਸ ਦਰਾਂ ਦਾ ਹਵਾਲਾ ਦਿੰਦੇ ਸਨ ਅਤੇ ਭਾਰਤ 'ਚ ਨਿਵੇਸ਼ ਨਹੀਂ ਕਰਦੇ ਸਨ ਪਰ ਅੱਜ ਇਹ ਦਰਾਂ ਹੋਰ ਮੁਲਕਾਂ ਦੇ ਬਰਾਬਰ ਹਨ ਤਾਂ ਹੁਣ ਨਿਵੇਸ਼ਕ ਭਾਰਤ ਨੂੰ ਤਰਜੀਹ ਦੇ ਰਹੇ ਹਨ।' ਆਤਮ-ਨਿਰਭਰ ਭਾਰਤ ਬਾਰੇ ਉਨ੍ਹਾਂ ਕਿਹਾ ਕਿ ਪਹਿਲਾਂ ਸਰਕਾਰ ਦਾ ਇੰਨਾ ਦਖ਼ਲ ਹੁੰਦਾ ਸੀ ਕਿ ਨਿਵੇਸ਼ਕ ਭਾਰਤ ਦਾ ਰੁਖ਼ ਨਹੀਂ ਕਰਦੇ ਸਨ ਪਰ ਮੌਜੂਦਾ ਸਰਕਾਰ ਨੇ ਪ੍ਰਾਈਵੇਟ ਸੈਕਟਰ 'ਚ ਆਪਣਾ ਭਰੋਸਾ ਕਾਇਮ ਕੀਤਾ ਹੈ। ਪਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਵੈਕਸੀਨ ਦੀ ਆਲਮੀ ਸਪਲਾਈ ਚੇਨ 'ਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਸਨਅਤਕਾਰਾਂ ਨੂੰ ਸੱਦਾ ਦਿੱਤਾ ਕਿ ਉਹ ਭਾਰਤ ਨੂੰ ਆਤਮ-ਨਿਰਭਰ ਬਣਾਉਣ 'ਚ ਸਹਿਯੋਗ ਦੇਣ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੁਨੀਆ ਚੌਥੀ ਸਨਅਤੀ ਕ੍ਰਾਂਤੀ ਵੱਲ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਨਵੀਂ ਤਕਨਾਲੋਜੀ ਦੇ ਰੂਪ 'ਚ ਕਈ ਚੁਣੌਤੀਆਂ ਆਉਣਗੀਆਂ ਪਰ ਅੱਜ ਯੋਜਨਾ ਬਣਾ ਕੇ ਉਸ ਨੂੰ ਲਾਗੂ ਕਰਨ ਦਾ ਸਮਾਂ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਆਜ਼ਾਦੀ ਦੀ ਸ਼ਤਾਬਦੀ ਦੇ ਆਉਂਦੇ 27 ਵਰ੍ਹੇ ਅਹਿਮ ਹਨ ਅਤੇ ਇਸ ਨਾਲ ਮੁਲਕ ਦੀ ਆਲਮੀ ਪੱਧਰ 'ਤੇ ਭੂਮਿਕਾ ਤੈਅ ਹੋਣ ਦੇ ਨਾਲ ਨਾਲ ਭਾਰਤੀਆਂ ਦੇ ਸੁਪਨਿਆਂ ਅਤੇ ਸਮਰਪਣ ਭਾਵਨਾ ਦੀ ਵੀ ਪ੍ਰੀਖਿਆ ਹੋਵੇਗੀ।








# ਲੰਡਨ ਦੇ ਸਾਊਥਾਲ ’ਚ ਸੜਕ ਦਾ ਨਾਂ ‘ਗੁਰੂ ਨਾਨਕ ਰੋਡ’ ਰੱਖਣ ਨੂੰ ਮਨਜ਼ੂਰੀ ਦਿੱਤੀ ਗਈ

**ਲੰਡਨ** – 30 ਨਵੰਬਰ ਨੂੰ ਦੁਨੀਆ ਭਰ ’ਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਦੇ ਮਨਾਏ ਜਾ ਰਹੇ 551ਵੇਂ ਪ੍ਰਕਾਸ਼ ਪੁਰਬ ਦੇ ਸਬੰਧ ’ਚ ਪੱਛਮੀ ਲੰਡਨ ਦੀ ਇੱਕ ਕੌਂਸਲ ਨੇ ਐਲਾਨ ਕੀਤਾ ਕਿ ਉਸ ਵੱਲੋਂ ਪੰਜਾਬੀ ਭਾਈਚਾਰੇ ਦੀ ਵੱਡੀ ਵਸੋ ਵਾਲੇ ਕਸਬੇ ਸਾਊਥਾਲ ’ਚ ਇੱਕ ਸੜਕ ਦਾ ਨਾਂ ‘ਗੁਰੂ ਨਾਨਕ ਰੋਡ’ ਰੱਖਣ ਨੂੰ ਸਹਿਮਤੀ ਦਿੱਤੀ ਗਈ ਹੈ।




ਹੈਵਲੌਕ ਰੋਡ ਦਾ ਨਾਂ ‘ਗੁਰੂ ਨਾਨਕ ਦੇਵ’ ਦੇ ਨਾਂ ’ਤੇ ਰੱਖਣ ਦਾ ਇਹ ਪ੍ਰਸਤਾਵ ਲੰਡਨ ਦੇ ਮੇਅਰ ਸਾਦਿਕ ਖ਼ਾਨ ਵੱਲੋਂ ਬਣਾਏ ਗਏ ਇੱਕ ਨਵੇਂ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ। ਏਲਿੰਗ ਕੌਂਸਲ ਨੇ ਦੱਸਿਆ ਕਿ ਹੈਵਲੌਕ ਰੋਡ ਦੇ ਕਿੰਗ ਸਟਰੀਟ ਅਤੇ ਮੈਰਿਕ ਰੋਡ ਦੇ ਵਿਚਕਾਰਲੇ ਹਿੱਸੇ, ਜਿਸ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਵਾਲਾ ਹਿੱਸਾ ਵੀ ਸ਼ਾਮਲ ਹੈ, ਦਾ ਨਾਂ ਬਦਲਿਆ ਜਾਵੇਗਾ। ਇਹ ਨਾਮਕਰਨ 2021 ਦੀ ਸ਼ੁਰੂਆਤ ’ਚ ਲਾਗੂ ਹੋਵੇਗਾ, ਜਿਸ ’ਚ ਬਦਲਾਅ ਨਾਲ ਪ੍ਰਭਾਵਿਤ ਹੋਣ ਵਾਲੇ ਘਰਾਂ, ਕਾਰੋਬਾਰਾਂ ਅਤੇ ਸੰਸਥਾਵਾਂ ਨੂੰ ਕੌਂਸਲ ਵੱਲੋਂ ਅਗਾਊਂ ਸੂਚਿਤ ਕੀਤਾ ਜਾ ਰਿਹਾ ਹੈ।

# 30 ਸਤੰਬਰ ਤੱਕ ਤਿੰਨ ਮਹੀਨਿਆਂ ਵਿੱਚ ਜੀਡੀਪੀ ’ਚ ਰਿਕਾਰਡ 14% ਦਾ ਵਾਧਾ – ਸਟੈਟਸ ਐਨਜ਼ੈਡ

**ਆਕਲੈਂਡ, 17 ਦਸੰਬਰ** – ਸਟੈਟਸ ਐਨਜ਼ੈਡ ਨੇ ਕਿਹਾ ਕਿ ਆਰਥਿਕ ਗਤੀਵਿਧੀਆਂ ਵਿੱਚ ਕੋਵਿਡ –19 ਮਹਾਂਮਾਰੀ ਤੋਂ ਪਹਿਲਾਂ ਵਾਲਾ ਉਛਾਲ ਵਾਪਸ ਆਇਆ ਹੈ। ਜਿਸ ਨਾਲ ਨਿਊਜ਼ੀਲੈਂਡ ਦੀ ਕੁੱਲ ਘਰੇਲੂ ਉਤਪਾਦ (ਜੀਡੀਪੀ) ’ਚ ਤਿੰਨ ਮਹੀਨਿਆਂ ਯਾਨੀ ਕਿ 30 ਸਤੰਬਰ ਤੱਕ ਰਿਕਾਰਡ 14% ਦਾ ਵਾਧਾ ਦਰਜ ਕੀਤਾ ਗਿਆ ਹੈ। ਜੋ ਰਿਕਾਰਡ ਵਿੱਚ ਸਭ ਤੋਂ ਮਜ਼ਬੂਤ ਤਿਮਾਹੀ ਦਾ ਆਂਕੜਾ ਹੈ। ਬਾਜ਼ਾਰ ਦੀਆਂ ਉਮੀਦਾਂ 13 ਤੋਂ 14% ਦੇ ਤਿਮਾਹੀ ਲਾਭ ਲਈ ਸਨ। ਇਹ ਤਿਮਾਹੀ ਲਾਭ ਮਾਰਚ ਅਤੇ ਜੂਨ ਦੀਆਂ ਦੋ ਤਿਮਾਹੀਆਂ ਦੀ ਮੰਦੀ ਤੋਂ ਬਾਅਦ ਦਾ ਹੈ। ਹਾਲਾਂਕਿ, ਉਨ੍ਹਾਂ ਦੋਵੇਂ ਨਕਾਰਾਤਮਿਕ ਤਿਮਾਹੀਆਂ ਨੇ ਸਤੰਬਰ ਤੋਂ ਸਾਲ ਦੀ ਸਲਾਨਾ ਜੀਡੀਪੀ ਦਰ ਘਟਾ ਕੇ 2.2% ਕਰ ਦਿੱਤੀ ਸੀ। ਸਟੈਟਸ ਐਨਜ਼ੈਡ ਨੇ ਜੂਨ ਤਿਮਾਹੀ ਦੇ ਸੁੰਗੜਨ ਨੂੰ 12.2% ਤੋਂ 11% ਤੱਕ ਸੋਧ ਕੀਤਾ। ਜਦੋਂ ਕਿ ਤਿਮਾਹੀ ਦਾ ਨਤੀਜਾ ਇਸ ਲਈ ਵੀ ਪ੍ਰਭਾਵਸ਼ਾਲੀ ਮੰਨਿਆ ਜਾ ਰਿਹਾ ਹੈ ਕਿਉਂਕਿ ਇਹ ਜੂਨ 2020 ਦੀ ਤਿਮਾਹੀ ਵਿੱਚ ਦਰਜ ਹੋਈ ਰਿਕਾਰਡ ਗਿਰਾਵਟ ਦੇ ਬਾਅਦ ਆਇਆ ਹੈ।

ਸਰਵਿਸ ਇੰਡਸਟਰੀ ਜੋ ਨਿਊਜ਼ੀਲੈਂਡ ਦੀ ਜੀਡੀਪੀ ਦਾ ਲਗਭਗ ਦੋ ਤਿਹਾਈ ਦਾ ਉਤਪਾਦ ਕਰਦੀ ਹੈ ਨੇ ਜੂਨ 2020 ਵਿੱਚ 9.8% ਦੀ ਗਿਰਾਵਟ ਦੇ ਬਾਅਦ ਇਸ ਤਿਮਾਹੀ ਵਿੱਚ 11.1% ਦੀ ਤੇਜ਼ੀ ਨਾਲ ਵਾਧਾ ਕੀਤਾ ਹੈ। ਗੁੱਡਸ-ਪ੍ਰੋਡਿਊਸਿੰਗ ਇੰਡਸਟਰੀ ਨੇ ਜੂਨ 2020 ਦੀ ਤਿਮਾਹੀ ਵਿੱਚ 15.9 ਅਤੇ 7.1% ਦੀ ਗਿਰਾਵਟ ਦੇ ਬਾਅਦ 26.0% ਅਤੇ ਪ੍ਰਾਇਮਰੀ ਇੰਡਸਟਰੀਜ਼ ਵਿੱਚ 4.6% ਦਾ ਵਾਧਾ ਹੋਇਆ ਹੈ।

ਤਿਮਾਹੀ ਵਿਕਾਸ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਉਦਯੋਗਾਂ ਵਿੱਚ ਰਿਟੇਲ ਟ੍ਰੇਡ ਅਤੇ ਅਕਾਮੋਡੇਸ਼ਨ ਸ਼ਾਮਿਲ ਹਨ ਜੋ ਕਿ 42.8% ਤੋਂ ਵੱਧ ਹੈ, ਜਦੋਂ ਕਿ ਕੰਸਟਰੱਕਸ਼ਨ 52.4% ਤੋਂ ਵੱਧ ਅਤੇ ਮੈਨੂਫੈਕਚਰਿੰਗ 17.2% ਤੋਂ ਵੱਧ ਹੈ। ਪਰ ਇਸ ਸਭ ਦੇ ਬਾਵਜੂਦ ਕੋਵਿਡ –19 ਮਹਾਂਮਾਰੀ ਦੇ ਪੂਰੇ ਆਰਥਿਕ ਪ੍ਰਭਾਵ ਹਾਲੇ ਵੀ ਨਿਊਜ਼ੀਲੈਂਡ ਅਤੇ ਦੁਨੀਆ ਭਰ ਵਿੱਚ ਹਾਲੇ ਵੀ ਮਹਿਸੂਸ ਕੀਤੇ ਜਾ ਰਹੇ ਹਨ।

ਵਿੱਤ ਮੰਤਰੀ ਗ੍ਰਾਂਟ ਰੌਬਰਟਸਨ ਨੇ ਕਿਹਾ ਕਿ ਉਛਾਲ ਕੋਵਿਡ –19 ਮਹਾਂਮਾਰੀ ਦੌਰਾਨ ਸਰਕਾਰ ਦੇ ‘ਸਖ਼ਤ ਅਤੇ ਜਲਦੀ’ ਲਏ ਫ਼ੈਸਲੇ ਦਾ ਨਤੀਜਾ ਹੈ। ਪਰ ਉਨ੍ਹਾਂ ਨੇ ਕਿਹਾ ਕਿ ਗਲੋਬਲੀ ਤੌਰ ’ਤੇ ਰਿਕਵਰੀ ਦੀ ਰਫ਼ਤਾਰ ਅਸਮਾਨ ਹੋਣ ਦੀ ਸੰਭਾਵਨਾ ਹੈ ਕਿਉਂਕਿ ਦੇਸ਼ ਨਵੇਂ ਵਾਇਰਸ ਫੈਲਣ ਅਤੇ ਨਤੀਜੇ ਵਜੋਂ ਰੋਕਥਾਮ ਉਪਾਵਾਂ ਦਾ ਸਾਹਮਣਾ ਕਰ ਰਿਹਾ ਹੈ।

ਇਨਫੋਮੈਟ੍ਰਿਕ ਦੇ ਅਰਥਸ਼ਾਸਤਰੀ ਬ੍ਰੈਡ ਓਲਸਨ ਨੇ ਕਿਹਾ ਕਿ ਮਹਾਂਮਾਰੀ ਤੋਂ ਪਹਿਲਾਂ ਵੱਲ ਉਛਾਲ ਜਾਣਾ ਕਮਾਲ ਹੈ ਪਰ ਉਨ੍ਹਾਂ ਨਾਲ ਇਹ ਵੀ ਕਿਹਾ ਕਿ ਕਿਉਂਕਿ ਕੁੱਝ ਰਿਕਵਰੀ ਪੋਸਟ-ਲੌਕਡਾਉਨ “ਪੇਂਟ-ਅੱਪ ਡਿਮਾਂਡ” ਦੇ ਕਾਰਣ ਹੋਈ ਸੀ, ਇਸ ਲਈ ਇੱਕ ਜੋਖ਼ਮ ਹੈ ਕਿ ਜੀਡੀਪੀ 31 ਦਸੰਬਰ ਨੂੰ ਸਮਾਪਤ ਹੋਣ ਵਾਲੀ ਮੌਜੂਦਾ ਤਿਮਾਹੀ ਵਿੱਚ ਗਿਰਾਵਟ ਵੱਲ ਵਾਪਸ ਜਾ ਸਕਦੀ ਹੈ। ਉਨ੍ਹਾਂ ਕਿਹਾ ਸਵਾਲ ਇਹ ਹੋਵੇਗਾ ਕਿ ਕੀ ਪਰਚੂਨ ਅਤੇ ਰਿਹਾਇਸ਼ ਵਰਗੇ ਖੇਤਰ ਆਪਣੀ ਗਤੀ ਨੂੰ ਕਾਇਮ ਰੱਖ ਸਕਣਗੇ ਜਾਂ ਮੁੜ ਨਰਮ ਪੈਣਗੇ?’। ਅਸੀਂ ਪਹਿਲਾਂ ਤੋਂ ਹੀ ਕੁੱਝ ਨੰਬਰਾਂ ਵਿੱਚ ਵੇਖ ਰਹੇ ਹਾਂ, ਕਿ ਕਈ ਖੇਤਰਾਂ ਵਿੱਚ ਖ਼ਰਚ ਕਰਨ ਦੀ ਰਫ਼ਤਾਰ ਕੁੱਝ ਘਟੀ ਹੈ।

# ਸਾਲ 2020 ਵਿੱਚ ‘ਮਹਾਂਮਾਰੀ’ ਸਭ ਤੋਂ ਵੱਧ ਪ੍ਰਚੱਲਿਤ ਸ਼ਬਦ ਕਰਾਰ

**ਨਿਊਯਾਰਕ** – ਦੁਨੀਆ ਭਰ ਵਿੱਚ ਕੋਰੋਨਾਵਾਇਰਸ ਯਾਨੀ ਕੋਵਿਡ-19 ਦੇ ਚੱਲ ਰਹੇ ਕਹਿਰ ਦੌਰਾਨ ਦੋ ਡਿਕਸ਼ਨਰੀ ਕੰਪਨੀਆਂ ਮੈਰੀਅਮ-ਵੈਬਸਟਾਰ ਅਤੇ ਡਿਕਸ਼ਨਰੀ.ਕਾਮ ਨੇ 30 ਨਵੰਬਰ ਨੂੰ ‘ਮਹਾਂਮਾਰੀ’ ਸ਼ਬਦ ਨੂੰ ਸਾਲ 2020 ਦਾ ਸਭ ਤੋਂ ਪ੍ਰਚੱਲਿਤ ਸ਼ਬਦ ਐਲਾਨਿਆ ਹੈ।

ਚੀਨ ਦੇ ਸ਼ਹਿਰ ਵੁਹਾਨ ਤੋਂ ਸ਼ੁਰੂ ਹੋ ਕੇ ਪੂਰੀ ਦੁਨੀਆ ’ਚ ਕਹਿਰ ਮਚਾਉਣ ਵਾਲੇ ਕੋਰੋਨਾਵਾਇਰਸ ਲਈ ਵਰਲਡ ਹੈਲਥ ਆਰਗਨਾਈਜ਼ੇਸ਼ਨ (ਡਬਲਿਊਐਚਓ) ਨੇ Pandemic ‘ਮਹਾਂਮਾਰੀ’ ਸ਼ਬਦ ਵਰਤਿਆ ਸੀ। ਇਹ ਸ਼ਬਦ ਪੂਰੀ ਚਰਚਾ ਵਿੱਚ ਹੈ ਅਤੇ ਬੱਚੇ ਵੀ ਆਪਣੇ ਮਾਤਾ-ਪਿਤਾ ਤੋਂ ਪੁੱਛਣ ਲੱਗੇ ਪਏ ਸਨ ਕਿ ‘ਮਹਾਂਮਾਰੀ' ਕੀ ਹੁੰਦੀ ਹੈ। ਇਸ ਸਭ ਦੇ ਚੱਲਦਿਆਂ ਡਿਕਸ਼ਨਰੀ.ਕਾਮ ਨੇ ਅੱਜ ਇਸ ਸ਼ਬਦ ਨੂੰ ਸਾਲ 2020 ਦਾ ਪ੍ਰਚੱਲਿਤ ਸ਼ਬਦ ਐਲਾਨਿਆ ਹੈ। ਸੀਨੀਅਰ ਖੋਜ ਸੰਪਾਦਕ ਜੌਨ ਕੈਲੀ ਨੇ ਦੱਸਿਆ ਕਿ 11 ਮਾਰਚ ਨੂੰ ਇੰਟਰਨੈਟ ਉਤੇ ਇਸ ਸ਼ਬਦ ਦੀ ਖੋਜ ਵਿੱਚ 13,500% ਤੋਂ ਵੱਧ ਦਾ ਵਾਧਾ ਹੋਇਆ ਸੀ।

ਇਸ ਮਗਰੋ ਹਰ ਮਹੀਨੇ ਇਸ ਦੀ ਖੋਜ ਇੱਕ ਹਜ਼ਾਰ ਫੀਸਦੀ ਹੋਰ ਵਧਦੀ ਗਈ।

# ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ’ਚ ਲਾਹੌਰ ਪਹਿਲੇ ਤੇ ਦਿੱਲੀ ਦੂਜੇ ਸਥਾਨ ਉਤੇ

**ਲਾਹੌਰ/ਦਿੱਲੀ** – ਪਾਕਿਸਤਾਨ ਦਾ ਲਾਹੌਰ ਸ਼ਹਿਰ ਇੱਕ ਵਾਰ ਮੁੜ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿੱਚ ਸਿਖਰ ’ਤੇ ਰਿਹਾ ਹੈ। ਯੂਐਸ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਵੱਲੋਂ 30 ਨਵੰਬਰ ਨੂੰ ਹਵਾ ਪ੍ਰਦੂਸ਼ਣ ਸਬੰਧੀ ਜਾਰੀ ਕੀਤੇ ਅੰਕੜਿਆਂ ਮੁਤਾਬਿਕ ਪਾਕਿਸਤਾਨ ਦੀ ਸਭਿਆਚਾਰਕ ਰਾਜਧਾਨੀ ਲਾਹੌਰ ਨੂੰ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਦਾ ਦਰਜਾ ਦਿੱਤਾ ਗਿਆ ਹੈ।

ਇੰਡੈਕਸ ਅਨੁਸਾਰ ਲਾਹੌਰ ’ਚ ਪ੍ਰਦੂਸ਼ਕ ਤੱਤ (ਪੀਐਮ) ਦਰਜਾ 423 ਰਿਹਾ। ਏਕਿਊਆਈ ਦੀ ਸੂਚੀ ’ਚ ਪਾਕਿਸਤਾਨ ਦੀ ਵਿੱਤੀ ਰਾਜਧਾਨੀ ਕਰਾਚੀ ਨੂੰ 7ਵੇਂ ਸਥਾਨ ’ਤੇ ਰੱਖਿਆ ਗਿਆ ਹੈ।

ਜਦੋਂ ਕਿ ਭਾਰਤ ਦੀ ਰਾਜਧਾਨੀ ਦਿੱਲੀ ਨੂੰ 229 ਪੀਐਮ ਨਾਲ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ’ਚ ਦੂਜੇ ਸਥਾਨ ’ਤੇ ਰੱਖਿਆ ਗਿਆ ਹੈ। ਨੇਪਾਲ ਦੀ ਰਾਜਧਾਨੀ ਕਾਠਮੰਡੂ ਨੂੰ 178 ਪੀਐਮ ਨਾਲ ਦੁਨੀਆ ਦਾ ਤੀਜਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਮੰਨਿਆ ਗਿਆ ਹੈ।




# ਸੰਪਾਦਕੀ

## ਸਾਲ 2020 ਨੂੰ ਕੋਰੋਨਾ ਤੇ ਕਿਸਾਨੀ ਸੰਘਰਸ਼ ਦੀ ਨਜ਼ਰ ਤੋਂ ਦੇਖਦਿਆਂ.....!



ਗੱਲ ਤਾਂ ਸਹੀ ਹੈ ਕਿ ਸਮਾਂ ਕਿਸੇ ਦੀ ਪੱਕੜ ’ਚ ਨਹੀਂ ਰਹਿ ਸਕਿਆ ਅਤੇ ਨਾ ਹੀ ਭਵਿੱਖ ਵਿੱਚ ਰਹਿਣਾ ਹੈ, ਕਿਉਂਕਿ ਸਮੇਂ ਦੇ ਚੱਕਰ ਨੇ ਤਾਂ ਆਪਣੀ ਰਫ਼ਤਾਰ ਨਾਲ ਚੱਲਦੇ ਹੀ ਰਹਿਣਾ ਹੈ। ਤਕਨਾਲੋਜੀ ਨਾਲ ਭਰਿਆ ਅੱਜ ਦਾ ਮਨੁੱਖ ਭਾਵੇਂ ਆਧੁਨਿਕਤਾ ਨਾਲ ਲੈਸ ਹੋ ਕੇ ਸਮੇਂ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਉਣ ਦਾ ਦਾਅਵਾ ਕਰ ਰਿਹਾ ਹੈ ਪਰ ਜੇ ਤੁਸੀਂ ਧਿਆਨ ਨਾਲ ਵਿਚਾਰੋਂ ਤਾਂ ਤੇਜ਼ੀ ਸਮੇਂ ਦੀ ਰਫ਼ਤਾਰ ਵਿੱਚ ਨਹੀਂ ਆਈ ਸਗੋਂ ਮਨੁੱਖ ਜ਼ਿੰਦਗੀ ’ਚ ਵੱਧ ਰਹੇ ਸਾਧਨਾਂ ਤੇ ਰਹਿਣ-ਸਹਿਣ ਦੇ ਢੰਗ ਵਿੱਚ ਆਈ ਹੈ। ਅਜੋਕੇ ਸਮੇਂ ਅੰਦਰ ਮਨੁੱਖ ਦੀ ਜ਼ਿੰਦਗੀ ’ਚ ਸਭ ਤੋਂ ਵੱਡੀ ਜੇ ਕੋਈ ਦਖ਼ਲ-ਅੰਦਾਜ਼ੀ ਵੇਖੀ ਗਈ ਹੈ ਤਾਂ ਉਹ ਹੈ ਤਕਨਾਲੋਜੀ ਤੇ ਆਧੁਨਿਕ ਸਾਜੋ-ਸਮਾਨਾਂ ਦੀ ਹੀ ਹੈ। ਸਮਾਰਟ ਫੋਨਾਂ ਅਤੇ ਉਸ ਵਿੱਚ ਵਰਤੇ ਜਾਂਦੇ ਸ਼ੋਸ਼ਲ ਮੀਡੀਆ ਨੇ ਮਨੁੱਖ ਨੂੰ ਐਨਾ ਕੂ ਗ਼ੁਲਾਮ ਬਣਾ ਲਿਆ ਹੈ ਕਿ ਮਨੁੱਖ ਨਾ ਚਾਹੁੰਦੇ ਵੀ ਇਨ੍ਹਾਂ ਸਭ ’ਚ ਖੁਬਿਆ ਰਹਿੰਦਾ ਹੈ। ਇਸ ਨੇ ਮਨੁੱਖੀ ਜ਼ਿੰਦਗੀ ਨੂੰ ਸਕੂਨ ਦੇਣ ਦੀ ਬਜਾਏ ਹੋਰ ਅਸ਼ਾਂਤ ਕੀਤਾ ਹੋਇਆ ਹੈ ਤੇ ਅੱਜਕੱਲ੍ਹ ਮਨੁੱਖ ਦਾ ਬਹੁਤਾ ਸਮਾਂ ਇਸੇ ’ਚ ਹੀ ਲੰਘ ਰਿਹਾ ਹੈ, ਛੋਟੇ ਤੋਂ ਲੈ ਕੇ ਬੁੱਢੇ ਤੱਕ ਸਾਰੇ ਹੀ ਇਸ ਦੀ ਗ਼ੁਲਾਮ ਵਿੱਚ ਲੱਗੇ ਹੋਏ ਹਨ। ਇੱਥੋਂ ਤੱਕ ਕੇ ਹੁਣ ਤਾਂ ਜੰਮਦੇ ਬੱਚੇ ਨੂੰ ਵੀ ਸਮਾਰਟ ਫ਼ੋਨ ਚਾਹੀਦਾ ਹੈ। ਆਲਮ ਇਹ ਹੋਇਆ ਪਿਆ ਹੈ ਕਿ ਮਨੁੱਖ ਨੂੰ ਇਨ੍ਹਾਂ ਦੇ ਬਿਨਾ ਨਾ ਨੀਂਦ ਨਹੀਂ ਆਉਂਦੀ ਤੇ ਉਠਣ ਸਾਰ ਹੀ ਇਸ ਵਿੱਚ ਹੀ ਗੜ੍ਹੂੰਦ ਹੋ ਕੇ ਰਹਿ ਜਾਂਦਾ ਹੈ। ਭਾਵੇਂ ਸਾਲਾ 2020 ਨੂੰ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਹੈ ਤੇ ਸਮਾਰਟ ਫ਼ੋਨ ਨਵੇਂ ਸਾਲ ਦੇ ਸੁਨੇਹਾਂ ਨਾਲ ਭਰ ਜਾਣੇ ਹਨ, ਜਿਵੇਂ ਹਰ ਰੋਜ਼ ‘ਗੁੱਡ ਮਾਰਨਿੰਗ’ ਦੇ ਸੁਨੇਹਾਂ ਅਤੇ ‘ਟਿੱਕ-ਟੌਕ’ ਰਾਹੀ ਬਣ ਰਹੇ ਮਜ਼ਾਕਾਂ ਨਾਲ ਰੋਜ਼ਾਨਾ ਭਰਿਆ ਹੁੰਦਾ ਹੈ। ਇਨ੍ਹਾਂ ਰੁਝੇਵਿਆਂ ਦੇ ਨਾਲ ਦੁਨੀਆ ’ਚ ਤੇਜ਼ੀ ਨਾਲ ਹੋ ਰਹੀਆਂ ਘਟਨਾਵਾਂ ਨੇ ਵੀ ਮਨੁੱਖ ਨੂੰ ਪੜ੍ਹਨੇ ਪਾ ਰੱਖਿਆ ਹੈ। ਸਾਲ 2020 ਦੀ ਆਮਦ ਨੇ ਚੀਨ ਦੇ ਸ਼ਹਿਰ ਵੁਹਾਨ ਤੋਂ ਅਜਿਹੀ ਨਾਮੁਰਾਦ ਬਿਮਾਰੀ ‘ਕੋਰੋਨਾਵਾਇਰਸ’ ਨੂੰ ਆਪਣੇ ਨਾਲ ਲੈ ਕੇ ਆਉਂਦਾ ਜੋ ਹੁਣ ਮਨੁੱਖੀ ਜ਼ਿੰਦਗੀ ’ਚੋਂ ਬਾਹਰ ਜਾਣ ਦਾ ਨਾਂਅ ਨਹੀਂ ਲੈ ਰਿਹਾ ਹੈ। ਦੁਨੀਆ ਭਰ ਵਿੱਚ ਲਗਭਗ 7 ਕਰੋੜ 71 ਲੱਖ ਦੇ ਲਾਗੇ ਲੋਕਾਂ ਨੂੰ ਆਪਣੀ ਮਾਰ ਹੇਠ ਲਿਆ ਹੈ। ਨਿਊਜ਼ੀਲੈਂਡ ਵਿੱਚ ਹੋਈਆਂ ਆਮ ਚੋਣਾਂ ਵਿੱਚ ਸੱਤਾਧਾਰੀ ਲੇਬਰ ਪਾਰਟੀ ਨੇ ਆਪਣੇ ਦਮ ਉਤੇ ਪੂਰਣ ਬਹੁਮਤ ਹਾਸਿਲ ਕਰਕੇ ਮੁੜ ਆਪਣੀ ਸਰਕਾਰ ਬਣਾ ਲਈ। ਲੇਬਰ ਪਾਰਟੀ ਦੀ ਇਸ ਸਰਕਾਰ ਵਿੱਚ ਭਾਰਤੀ ਭਾਈਚਾਰੇ ਲਈ ਖ਼ਾਸ ਗੱਲ ਇਹ ਰਹੀ ਕਿ ਪਹਿਲੀ ਵਾਰ ਭਾਰਤੀ ਮੂਲ ਦੇ 2 ਮੈਂਬਰ ਆਫ਼ ਪਾਰਲੀਮੈਂਟ ਡਾ. ਗੌਰਵ ਸ਼ਰਮਾ ਅਤੇ ਪ੍ਰਿਅੰਕਾ ਰਾਧਾਕ੍ਰਿਸ਼ਨਨ ਆਪਣੀ-ਆਪਣੀ ਚੋਣ ਜਿੱਤ ਕੇ ਪਾਰਲੀਮੈਂਟ ਵਿੱਚ ਦਾਖ਼ਲ ਹੋਏ, ਜਿਸ ਨਾਲ ਇਤਿਹਾਸ ਸਿਰਜਿਆ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਵੱਲੋਂ ਪਿਛਲੇ ਸਾਲ 2019 ਵਿੱਚ ਨਾਗਰਿਕ ਸੋਧ ਬਿੱਲ ਪਾਸ ਕਰਕੇ ਕਾਨੂੰਨ ਬਣਾ ਦਿੱਤਾ, ਜਿਸ ਨਾਲ ਦੇਸ਼ ਵਿੱਚ ਹਾਲਾਤ ਅਣਸੁਖਾਵੇਂ ਬਣੇ ਰਹੇ ਤੇ ਹੁਣ 2020 ਵਿੱਚ ਤਿੰਨ ਖੇਤੀ ਬਿੱਲ 27 ਸਤੰਬਰ ਨੂੰ ਪਾਸ ਕਰਕੇ ਲਾਗੂ ਕਰ ਦਿੱਤੇ। ਇਹ ਤਿੰਨ ਬਿੱਲਾਂ- ਕਿਸਾਨੀ ਜਿਣਸ ਵਪਾਰ ਤੇ ਵਣਜ (ਉਤਸ਼ਾਹਿਤ ਕਰਨ ਤੇ ਸੁਖਾਲਾ ਬਣਾਉਣ) ਬਿੱਲ 2020, ਕਿਸਾਨਾਂ ਦੇ (ਸਸ਼ਕਤੀਕਰਨ ਤੇ ਸੁਰੱਖਿਆ) ਕੀਮਤਾਂ ਦੇ ਭਰੋਸੇ ਤੇ ਖੇਤੀ ਸੇਵਾਵਾਂ ਬਾਰੇ ਕਰਾਰ ਬਿੱਲ 2020 ਤੇ ਜ਼ਰੂਰੀ ਵਸਤਾਂ (ਸੋਧ) ਬਿੱਲ 2020 ਨੂੰ ਮਨਜ਼ੂਰੀ ਦੇ ਦਿੱਤੀ। ਕਿਸਾਨਾਂ ਦੀ ਜਿਣਸ ਵਪਾਰ ਤੇ ਵਣਜ ਬਿੱਲ ਕਿਸਾਨਾਂ ਨੂੰ ਆਪਣੀਆਂ ਖੇਤੀ ਜਿਣਸਾਂ ਏਪੀਐਮਸੀ ਦੇ ਕੰਟਰੋਲ ਵਾਲੀਆਂ ਮੰਡੀਆਂ ਤੋਂ ਬਾਹਰ ਵੇਚਣ ਦੀ ਖੁੱਲ੍ਹ ਦੇਵੇਗਾ। ਦੂਜੇ ਬਿੱਲ ਤਹਿਤ ਕਿਸਾਨਾਂ ਨੂੰ ਜਿੱਥੇ ਕੰਟਰੈਕਟ (ਠੇਕਾ ਅਧਾਰਿਤ) ਖੇਤੀ ਦਾ ਵਿਕਲਪ ਮਿਲੇਗਾ, ਉਥੇ ਜ਼ਰੂਰੀ ਵਸਤਾਂ (ਸੋਧ) ਬਿਲ ਤਹਿਤ ਅਨਾਜ, ਦਾਲਾਂ, ਆਲੂ, ਪਿਆਜ਼ ਤੇ ਖਾਣਯੋਗ ਤੇਲ ਬੀਜ ਜਿਹੀਆਂ ਖ਼ੁਰਾਕੀ ਵਸਤਾਂ ਦਾ ਉਤਪਾਦਨ, ਸਪਲਾਈ ਤੇ ਵੰਡ ਕੰਟਰੋਲ ਮੁਕਤ ਹੋ ਜਾਵੇਗੀ। ਇਨ੍ਹਾਂ ਵਿਵਾਦਿਤ ਖੇਤੀ ਬਿੱਲਾਂ ਖ਼ਿਲਾਫ਼ ਜਿੱਥੇ ਵਿਸ਼ੇਸ਼ ਕਰਕੇ ਪੰਜਾਬ ਤੇ ਹਰਿਆਣਾ ਵਿੱਚ ਵੱਡੇ ਪੱਧਰ ‘ਤੇ ਰੋਸ ਮੁਜ਼ਾਹਰੇ ਹੋ ਰਹੇ ਹਨ। ਉਥੇ ਮੌਨਸੂਨ ਇਜਲਾਸ ਦੌਰਾਨ ਬਿੱਲਾਂ ਨੂੰ ਪਾਸ ਕਰਵਾਉਣ ਮੌਕੇ ਵੀ ਸੰਸਦ ਦੇ ਦੋਵਾਂ ਸਦਨਾਂ ਵਿੱਚ ਖ਼ਾਸਾ ਰੌਲਾ-ਰੱਪਾ ਪਿਆ ਸੀ। ਰਾਜ ਸਭਾ ਵਿੱਚ ਤਾਂ ਬਿਨਾਂ ਵੋਟਿੰਗ ਦੇ ਹੀ ਇਨ੍ਹਾਂ ਬਿੱਲਾਂ ਨੂੰ ਪਾਸ ਕਰ ਦਿੱਤਾ ਗਿਆ ਸੀ। ਇਨ੍ਹਾਂ ਬਿੱਲਾਂ ਨੂੰ 17 ਸਤੰਬਰ ਨੂੰ ਲੋਕ ਸਭਾ ਵਿੱਚ ਪਾਸ ਕਰਨ ਤੋਂ ਬਾਅਦ 20 ਸਤੰਬਰ ਨੂੰ ਰੌਲੇ-ਰੱਪੇ ਦੌਰਾਨ ਧੱਕੇ ਨਾਲ ਰਾਜ ਸਭਾ ਵਿੱਚ ਪਾਸ ਕੀਤਾ ਗਿਆ ਅਤੇ 27 ਸਤੰਬਰ ਨੂੰ ਰਾਸ਼ਟਰਪਤੀ ਨੇ ਇਸ ਉਪਰ ਦਸਤਖ਼ਤ ਕਰਕੇ ਕਾਨੂੰਨਾਂ ਦੀ ਸ਼ਕਲ ਦੇ ਦਿੱਤੀ। ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਦੀ ਸੁਰ ਪੰਜਾਬ ਤੋਂ ਹੀ ਬੁਲੰਦ ਹੋਈ, 24 ਸਤੰਬਰ ਨੂੰ ਪੰਜਾਬ ਤੋਂ ਬੜੇ ਹੀ ਜ਼ੋਰਦਾਰ ਢੰਗ ਨਾਲ ਕੇਂਦਰ ਸਰਕਾਰ ਦੇ ਸਾਹਮਣੇ ਰੱਖਿਆ ਪਰ ਕੇਂਦਰ ਸਰਕਾਰ ਨੇ ਬਹੁਤਾ ਧਿਆਨ ਨਾ ਦਿੱਤਾ, ਜਿਸ ਤੋਂ ਬਾਅਦ ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਵੱਲੋਂ 27 ਸਤੰਬਰ ਨੂੰ ‘ਦਿੱਲੀ ਚੱਲੋ’ ਦੇ ਨਾਅਰੇ ਨਾਲ ਕੇਂਦਰ ਦੀ ਬੋਲੀ ਸਰਕਾਰ ਨੂੰ ਜਗਾਉਣ ਲਈ ਲਗਭਗ 50 ਹਜ਼ਾਰ ਟਰਾਲੀਆਂ ਅਤੇ 6 ਮਹੀਨੇ ਦੇ ਰਾਸ਼ਨ ਨਾਲ ਦਿੱਲੀ ਵੱਲ ਨੂੰ ਕੂਚ ਕੀਤਾ। ਰਾਹ ਵਿੱਚ ਹਰਿਆਣਾ ਦੀ ਭਾਜਪਾ ਸਰਕਾਰ ਨੇ ਬੜੇ ਹੀ ਦਮਨਕਾਰੀ ਢੰਗ ਤਰੀਕੇ ਵਰਤ ਕੇ ਪੰਜਾਬ ਦੇ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਕਿਸਾਨਾਂ ਦੇ ਜੋਸ਼ ਅਤੇ ਰੋਹ ਅੱਗੇ ਹਰਿਆਣਾ ਸਰਕਾਰ ਦੀ ਇਕ ਨਾ ਚੱਲੀ ਤੇ ਕਿਸਾਨਾਂ ਨੇ ਰੋਕਾਂ ਨੂੰ ਲਾਂਭੇ ਕਰਦੇ ਹੋਏ ਦਿੱਲੀ ਦੇ ਬਾਡਰ ਉਤੇ ਆ ਡੇਰੇ ਲਏ। ਹਾਲੇ ਤੱਕ 6 ਦੌਰ ਦੀ ਗੱਲਬਾਤ ਤੋਂ ਬਾਅਦ ਕੋਈ ਸਿੱਟਾ ਨਾ ਨਿਕਲਦਾ ਵੇਖ ਕਿ ਦੇਸ਼ ਦੀਆਂ 40 ਦੇ ਲਗਭਗ ਕਿਸਾਨ ਜਥੇਬੰਦੀਆਂ ਨੇ ਸਰਕਾਰ ਪਾਸੋਂ ‘ਹਾਂ’ ਜਾਂ ‘ਨਾਂਹ’ ਦਾ ਜਵਾਬ ਮੰਗਿਆ ਹੋਇਆ ਹੈ। ਕਿਸਾਨ ਹੁਣ ਬਿੱਲਾਂ ਵਿੱਚ ਸੋਧਾਂ ਨਹੀਂ ਚਾਹੁੰਦੇ, ਉਹ ਹੁਣ ਇਨ੍ਹਾਂ ਬਿੱਲਾਂ ਨੂੰ ਸੰਪੂਰਣ ਤੌਰ ’ਤੇ ਰੱਦ ਕਰਵਾਉਣ ਦੇ ਰੋਹ ਵਿੱਚ ਹਨ। ਕੇਂਦਰ ਸਰਕਾਰ ਹੁਣ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਤੋਂ ਬੁਖਲਾ ਚੁੱਕੀ ਹੈ ਅਤੇ ਅੰਦੋਲਨ ਨੂੰ ਬਦਨਾਮ ਕਰਨ ਲਈ ਕੋਝੀਆਂ ਹਰਕਤਾਂ ਕਰ ਰਹੀ ਹੈ, ਉਹ ਅੰਦੋਲਨ ਨੂੰ ਕਦੇ ਖਾਲਿਸਤਾਨੀ ਅਤੇ ਕਦੇ ਨਕਸਲੀ ਅੰਦੋਲਨ ਦੱਸ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਅੰਦੋਲਨ ਸਾਰੇ ਭਾਰਤੀ ਕਿਸਾਨਾਂ ਦਾ ਹੈ ਜੋ ਹੁਣ ਲੋਕ ਅੰਦੋਲਨ ਬਣ ਚੁੱਕਾ ਹੈ।

‘ਕੂਕ ਪੰਜਾਬੀ ਸਮਾਚਾਰ’ ਦੇ ਅਦਾਰੇ ਵੱਲੋਂ ਵੱਡੇ ਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਨੂੰ ਪ੍ਰਣਾਮ ਕੀਤਾ ਜਾਂਦਾ ਹੈ। ਅਦਾਰੇ ਵੱਲੋਂ ਆਪ ਸਾਰਿਆਂ ਨੂੰ ਕ੍ਰਿਸਮਸ, ਨਵੇਂ ਸਾਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ‘ਪ੍ਰਕਾਸ਼ ਪੁਰਬ’ ਦੀਆਂ ਬਹੁਤ-ਬਹੁਤ ਵਧਾਈਆਂ ਅਤੇ ਉਥੇ ਨਾਲ ਹੀ ਹੁਣ ਮਿਲਦੇ ਹਾਂ ਨਵੇਂ ਸਾਲ ’ਚ ਇੱਕ ਨਵੀਂ ਉਮੀਦ ਦੇ ਨਾਲ, ਸਾਰਿਆਂ ਨੂੰ ਅਦਾਰੇ ਵੱਲੋਂ ਐਡਵਾਂਸ ਵਿੱਚ ਆਉਣ ਵਾਲੇ ਨਵੇਂ ਸਾਲ 2021 ਦੀਆਂ ਬਹੁਤ-ਬਹੁਤ ਵਧਾਈਆਂ। ਅਮਰਜੀਤ ਸਿੰਘ, ਐਡੀਟਰ, Mobile: 021 028 30967, E-mail - amarjitsaini@yahoo.com

ਘਰ ਤੱਕ ਪੇਪਰ ਪਹੁੰਚਾਉਣ ਲਈ ਸਾਲਾਨਾ ਚੰਦਾ ਫਾਰਮ

ਕੂਕ ਪੰਜਾਬੀ ਸਮਾਚਾਰ
**Kuk Punjabi Samachar**
P.O.Box: 200034 Papatoetoe, Auckland, NZ
Please accept my subscription

Name:..........................................
Address:.......................................
...................................................
Phone:..........................................

1 Year Subscription :
All Across NZ: NZ $99.00s
Overseas: NZ $299.00
Make all cheques or money order payable to Kin Creations International Ltd.




‘ਨੋਅ ਕਿਸਾਨਾਂ, ਨੋਅ ਫੂਡ’
**ਚਾਚਾ** – ਭਤੀਜ, ਕਿਸਾਨਾਂ ਦਾ ਹਾਲ ਮਾੜਾ.....!
**ਭਤੀਜ** – ਚਾਚਾ, ਗੱਲ ਤਾਂ ਸਹੀ ਆ ....?
**ਚਾਚਾ** – ਭਤੀਜ, ਸਰਕਾਰ ਤਾਂ ਦੱਬਣ ਨੂੰ ਫਿਰਦੀ...!
**ਭਤੀਜ** – ਹਾਂ, ਪਰ ਦੱਬਦੇ ਕਿੱਥੇ ਆ...!

ਕੂਕ ਪੰਜਾਬੀ ਸਮਾਚਾਰ
**Kuk Punjabi Samachar**

**Managing Director:** Tejvir Singh
**Director & Editor** Amarjit Singh
**Reporter :** Kulwant Kaur
**Marketing Manager:** Sukhvinder Singh
**Kids Corner Planner:** Navmeet Kaur
**Publisher:** Kin Creations Intl. Ltd

Kin Creations International Ltd.
P.O. Box 200034, Papatoetoe, Auckland, NZ
Phone: 09-250-4844,
Fax: 09-277 0121,
Email: kukpunjabi@xtra.co.nz

*All rights reserved. No material herein or portions thereof may be printed without the consent of the publisher*
Letters should not exceed 200 words and must carry the author’s signature, name and residential address. E-mailed letters must include full residential address and phone number allowing a check on bona-fides. Attachments will not be accepted. Noms de plume are not accepted; names are withheld only in special circumstances at the discretion of the editor. Letters are not normally acknowledged and may be edited, abridged or discarded. Kuk Punjabi Samachar is not responsible for the claims made in advertisements.
ਨੋਟ: ਕੂਕ ਪੰਜਾਬੀ ਸਮਾਚਾਰ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੂਕ ਪੰਜਾਬੀ ਸਮਾਚਾਰ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।

# ਗੁਰਾਂ ਦੇ ਨਾਂ ਤੇ ਜੀਂਦੇ ਪੰਜਾਬ ਵਿਚਲੀ ਸਦਭਾਵਨਾ ਵਿੱਚ ਜ਼ਹਿਰ?

ਜਸਵੰਤ ਸਿੰਘ ‘ਅਜੀਤ’, Flat No. 51, Sheetal Apartment, Plot No. 12, Sector –14, Rohini, DELHI-110085, E-mail : jaswantsinghajit@gmail.com



ਕਿਸਾਨ-ਵਿਰੋਧੀ ਕਾਨੂੰਨਾਂ ਦੇ ਵਿਰੁੱਧ ਅੱਜ ਜੋ ਅੰਦੋਲਣ ਹੋ ਰਿਹਾ ਹੈ, ਉਸ ਦੀ ਅਰੰਭਤਾ ਭਾਵੇਂ ਪੰਜਾਬ ਦੇ ਕਿਸਾਨਾਂ, ਜਿਨ੍ਹਾਂ ਵਿੱਚ ਬਹੁਤੇ ਸਿੱਖ ਹਨ, ਵੱਲੋਂ ਕੀਤੀ ਗਈ ਹੈ, ਪ੍ਰੰਤੂ ਉਸ ਦਾ ਸੰਬੰਧ ਕੇਵਲ ਪੰਜਾਬ ਦੇ ਕਿਸਾਨਾਂ ਦੇ ਹਿਤਾਂ ਨਾਲ ਹੀ ਨਹੀਂ, ਸਗੋਂ ਦੇਸ਼ ਦੇ ਸਮੁੱਚੇ ਕਿਸਾਨ ਭਾਈਚਾਰੇ ਦੇ ਹਿਤਾਂ ਨਾਲ ਹੈ। ਇਹ ਵਿਚਾਰ ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰ. ਐਸ. ਸੋਢੀ ਨੇ ਇੱਕ ਨਿੱ... ਗੱਲਬਾਤ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ... ਪੰਜਾਬੀ ਕਿਸਾਨਾਂ ਵੱਲੋਂ ਅਰੰਭੇ ਇਸ ਅੰਦੋਲ... ਨਾਲ ਪਹਿਲਾਂ ਹਰਿਆਣਾ ਦੇ ਕਿਸਾਨ ਜੁੜੇ, ਫਿ... ਇਕ-ਇਕ ਕਰ ਦੇਸ਼ ਦੇ ਦੂਸਰੇ ਰਾਜਾਂ ਦੇ ਕਿਸਾ... ਵੀ ਜੁੜਦੇ ਚਲੇ ਗਏ। ਇਸੇ ਸੰਬੰਧ ਵਿੱਚ ਪੁੱ... ਗਏ ਇੱਕ ਸੁਆਲ ਦਾ ਜਵਾਬ ਵਿੱਚ ਉਨ੍ਹਾਂ ਕਿ... ਕਿ ਪੰਜਾਬ ਦੇ ਕਿਸਾਨਾਂ ਵੱਲੋਂ ਇਸ ਪਾਸੇ ਪਹਿਲ... ਕਰਨ ਦਾ ਕਾਰਣ ਇਹ ਹੈ ਕਿ ਅੱਜ ਦੇ ਪੰਜਾ... ਦਾ ਕਿਸਾਨ ਪੜ੍ਹਿਆ-ਲਿਖਿਆ ਹੈ। ਉਸ ... ਜਦੋਂ ਇਨ੍ਹਾਂ ਨਵੇਂ ਬਣੇ ਖੇਤੀ ਕਾਨੂੰਨਾਂ ਦਾ ਅਧਿਐ... ਕੀਤਾ ਤਾਂ ਉਸ ਨੂੰ ਜਾਪਿਆ ਕਿ ਇਹ ਕਾਨੂੰਨ, ਜੋ ਕਿਸਾਨ ਭਾਈਚਾਰੇ ਦੇ ਹਿੱਤ ਵਿੱਚ ਦੱਸੇ ਜਾ ਰਹੇ ਹਨ, ਉਸ ਅਸਲ ਵਿੱਚ ਉਨ੍ਹਾਂ ਦੇ ਹਿਤਾਂ ਦੇ ਵਿਰੁੱਧ ਹਨ। ਇਸ ਲਈ ਉਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਦਾ ਫ਼ੈਸਲਾ ਕਰ ਲਿਆ। ਕਨੂੰਨਾਂ ਦੇ ਵਿਰੋਧ ਵਿੱਚ ਉਸ ਦੇ ਮੈਦਾਨ ਵਿੱਚ ਨਿੱਤਰਨ ਦੀ ਦੇਰ ਸੀ, ਕਿ ਸਰਕਾਰ ਨੇ ਇਸ ਡਰੋਂ ਕਿ ਕਿਧਰੇ ਇਹ ਅੰਦੋਲਣ ਜ਼ੋਰ ਨਾ ਪਕੜ ਜਾਏ, ਇਸ ਦਾ ਵਿਰੋਧ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਾਪਦਾ ਹੈ ਕਿ ਸਰਕਾਰ ਵੱਲੋਂ ਕਿਸਾਨ ਅੰਦੋਲਣ ਦੇ ਸੰਬੰਧ ਵਿੱਚ ਜਿਸ ਤਰ੍ਹਾਂ ਅੰਦੋਲਣ-ਵਿਰੋਧੀ ਨੀਤੀ ਅਪਣਾਈ ਗਈ, ਉਸ ਦਾ ਨਤੀਜਾ ਇਹ ਹੋਇਆ ਕਿ ਦੂਸਰੇ ਰਾਜਾਂ ਦੇ ਕਿਸਾਨਾਂ ਵਿੱਚ ਵੀ ਇਨ੍ਹਾਂ ਕਾਨੂੰਨਾਂ ਦੇ ਸੰਬੰਧ ਵਿੱਚ ਸ਼ੰਕਾ ਪੈਦਾ ਹੋਣ ਲੱਗੀ ਤੇ ਉਹ ਵੀ ਇਸ ਅੰਦੋਲਣ ਵਿੱਚ ਭਾਈਵਾਲ ਬਣਨ ਲਈ ਅੱਗੇ ਆਉਣ ਲਗ ਪਏ।

ਇਸ ਸਥਿਤੀ ਨੂੰ ਸਰਕਾਰ ਨੇ ਆਪਣੇ ਲਈ ਚੁਨੌਤੀ ਸਮਝਿਆ ਤੇ ਉਸ ਨੇ ਆਪਣੇ ਸਾਰੇ ਸਾਧਨ ਇਨ੍ਹਾਂ ਕਾਨੂੰਨਾਂ ਦੇ ਕਿਸਾਨਾਂ ਦੇ ਹਿਤ ਵਿੱਚ ਹੋਣ ਦਾ ਪ੍ਰਚਾਰ ਕਰਨ ਵਿੱਚ ਝੌਂਕ ਦਿੱਤੇ। ਸੰਭਵ ਹੈ ਕਿ ਇਸ ਅੰਦੋਲਣ ਨਾਲ ਸੰਬੰਧਿਤ ਸਿੱਖ ਜਥੇਬੰਦੀਆਂ ਨੂੰ ਬਦਨਾਮ ਕਰਨ ਲਈ ਹੀ, ਬੀਤੇ ਸਮੇਂ ਵਿੱਚ ਸਿੱਖ ਜਗਤ ਵੱਲੋਂ ਮਨਾਈਆਂ ਗਈਆਂ ਸ਼ਤਾਬਦੀਆਂ ਦੇ ਮੌਕੇ ਸਰਕਾਰ ਵੱਲੋਂ ਦਿੱਤੇ ਜਾਂਦੇ ਰਹੇ ਆਰਥਕ ਸਹਿਯੋਗ ਨੂੰ ਉਨ੍ਹਾਂ ਪੁਰ ਕੀਤੇ ਅਹਿਸਾਨ ਵਜੋਂ ਪ੍ਰਚਾਰ, ਅੰਦੋਲਣਕਾਰੀ ਸਿੱਖਾਂ ਨੂੰ ਅਹਿਸਾਨ-ਫਰੋਸ਼ ਸਾਬਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ। ਸਰਕਾਰ ਵੱਲੋਂ ਸਿੱਖਾਂ ਪੁਰ ਕੀਤੇ ਅਹਿਸਾਨ ਦੇ ਕੀਤੇ ਜਾ ਰਹੇ ਪ੍ਰਚਾਰ ਦੇ ਜਵਾਬ ਵਿੱਚ ਕੁੱਝ ਬਜ਼ੁਰਗ ਸਿੱਖਾਂ ਨੇ ਕਿਹਾ ਕਿ ਅਹਿਸਾਨ-ਫ਼ਰਾਮੋਸ਼ ਸਿੱਖ ਨਹੀਂ, ਇਸ ਦੇਸ਼ ਦੀਆਂ ਸਰਕਾਰਾਂ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਦੇਸ਼ ਦੀ ਅਜ਼ਾਦੀ ਲਈ ਵਿੱਚ ਹੀ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਨਹੀਂ ਦਿੱਤੀਆਂ, ਸਗੋਂ ਉਸ ਤੋਂ ਬਾਅਦ ਵੀ ਦੇਸ਼ ਦੀ ਏਕਤਾ-ਅਖੰਡਤਾ ਦੀ ਬਹਾਲੀ ਤੇ ਉਸ ਦੀ ਰੱਖਿਆ ਲਈ ਵੀ ਉਨ੍ਹਾਂ ਅਨੇਕਾਂ ਕੁਰਬਾਨੀਆਂ ਕੀਤੀਆਂ, ਪ੍ਰੰਤੂ ਉਨ੍ਹਾਂ ਕਦੀ ਵੀ ਇਨ੍ਹਾਂ ਕੁਰਬਾਨੀਆਂ ਨੂੰ ਅਹਿਸਾਨ ਵਜੋਂ ਪ੍ਰਚਾਰਿਤ ਨਹੀਂ ਕੀਤਾ। ਇਸ ਸੰਬੰਧ ਵਿੱਚ ਉਨ੍ਹਾਂ ਕੁੱਝ ਘਟਨਾਵਾਂ ਦਾ ਜ਼ਿਕਰ ਵੀ ਕੀਤਾ, ਜੋ ਪਾਠਕਾਂ ਦੀ ਜਾਣਕਾਰੀ ਲਈ ਹੇਠਾਂ ਪੇਸ਼ ਹਨ।

ਜਿਨ੍ਹਾਂ ਦੇਸ਼ ਦੀ ਵੰਡ ਦੇ ਜ਼ਖ਼ਮਾਂ ਨੂੰ ਪਿੰਡੇ ਹੰਢਾਇਆ, ਉਨ੍ਹਾਂ ਵਿੱਚੋਂ ਸੰਸਾਰ ਵਿੱਚ ਵਿਚਰ ਰਹੇ ਇਨ੍ਹਾਂ ਬਜ਼ੁਰਗਾਂ ਅਨੁਸਾਰ ਜਦੋਂ ਦੇਸ਼ ਦੀ ਆਜ਼ਾਦੀ ਦੀ ਰੂਪ-ਰੇਖਾ ਤਿਆਰ ਹੋ ਰਹੀ ਸੀ, ਉਸ ਸਮੇਂ ਦੇ ਕਾਂਗਰਸੀ ਨੇਤਾ ਦੇਸ਼ ਦੀ ਸੱਤਾ ਨੂੰ ਕੇਵਲ ਆਪਣੇ ਹੀ ਹੱਥਾਂ ਵਿੱਚ ਹੀ ਕੇਂਦ੍ਰਿਤ ਕਰੀ ਰੱਖਣ ਦੀ ਲਾਲਸਾ ਵਿੱਚ ਇਤਨੇ ਜ਼ਿਆਦਾ ਗ੍ਰਸਤ ਹੋ ਗਏ ਹੋਏ ਸਨ, ਕਿ ਉਨ੍ਹਾਂ ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ, ਉਨ੍ਹਾਂ ਸਿੱਖਾਂ ਨੂੰ, ਜਰਾਇਮ ਪੇਸ਼ਾ ਕਰਾਰ ਦੇ ਦੇਸ਼ ਤੇ ਮਨੁੱਖਤਾ ਦੇ ਦੁਸ਼ਮਣ ਸਥਾਪਤ ਕਰ ਭਾਰਤੀ-ਸਮਾਜ ਤੋਂ ਅਲਗ-ਥਲਗ ਕਰ ਦੇਣ ਦੀ ਸਾਜ਼ਿਸ਼ ਰਚਣ ਵਿੱਚ ਵੀ ਕੋਈ ਝਿਜਕ ਨਹੀਂ ਸੀ ਵਿਖਾਈ, ਜਿਨ੍ਹਾਂ ਨਾ ਕਵੇਲ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ ਸਨ, ਸਗੋਂ ਆਪਣੀ ਕਿਸਮਤ ਭਾਰਤ ਨਾਲ ਜੋੜਨ ਦੇ ਕੀਤੇ ਗਏ ਫ਼ੈਸਲੇ ਲਈ ਵੀ ਉਨ੍ਹਾਂ ਨੂੰ ਸਭ ਤੋਂ ਵਧ ਕੀਮਤ ਚੁਕਾਉਣੀ ਪਈ। ਦੇਸ਼ ਦੀ ਵੰਡ ਨੇ ਤਾਂ ਅੱਧੀ ਤੋਂ ਵਧ ਸਿੱਖ ਕੌਮ ਨੂੰ ਤਬਾਹ ਤੇ ਬਰਬਾਦ ਕਰਕੇ ਰੱਖ ਦਿੱਤਾ। ਉਹ ਜਾਨਾਂ ਤੋਂ ਵੀ ਵਧ ਪਿਆਰੇ ਆਪਣੇ ਗੁਰਧਾਮ, ਅਰਬਾਂ ਰੁਪਏ ਦੀਆਂ ਜ਼ਮੀਨਾਂ-ਜਾਇਦਾਦਾਂ ਅਤੇ ਖ਼ੂਨ-ਪਸੀਨੇ ਨਾਲ ਸਿੰਜੀਆਂ ਜ਼ਮੀਨਾਂ ਆਦਿ ਤੱਕ ਛੱਡ, ਖ਼ਾਲੀ ਹੱਥ ਆਜ਼ਾਦ ਭਾਰਤ ਵਿੱਚ, ਇਸ ਵਿਸ਼ਵਾਸ ਨਾਲ ਕਦਮ ਰੱਖਿਆ ਸੀ ਕਿ ਦੇਸ਼ ਲਈ ਕੀਤੀ ਗਈ, ਉਨ੍ਹਾਂ ਦੀ ਕੁਰਬਾਨੀ ਦਾ ਸਨਮਾਨ ਕੀਤਾ ਜਾਇਗਾ, ਪਰ ਇੱਧਰ ਆਉਂਦਿਆਂ ਹੀ ਉਨ੍ਹਾਂ ਨੂੰ ‘ਜਰਾਇਮ-ਪੇਸ਼ਾ’ ਦੇ ਨਾਂ ਨਾਲ ਨਵਾਜ਼, ਉਨ੍ਹਾਂ ਪੁਰ ਸਖ਼ਤ ਨਿਗਰਾਨੀ ਰੱਖਣ ਦੇ ਆਦੇਸ਼ ਜਾਰੀ ਕਰ ਦਿੱਤੇ ਗਏ।




ਇਨ੍ਹਾਂ ਬਜ਼ੁਰਗਾਂ ਨੇ ਹੋਰ ਦੱਸਿਆ ਕਿ ਆਜ਼ਾਦੀ ਦੀ ਲੜਾਈ ਦੌਰਾਨ, ਜਦੋਂ ਕਦੀ ਕਾਂਗਰਸ ਦੀ ਇੱਜ਼ਤ ਦਾਅ ਤੇ ਲੱਗੀ, ਉਸ ਸਮੇਂ ਵੀ ਸਿੱਖ ਹੀ ਉਸ ਦੀ ਇੱਜ਼ਤ ਬਚਾਣ ਲਈ ਅੱਗੇ ਆਉਂਦੇ ਰਹੇ। ਇਸ ਸੰਬੰਧ ਵਿੱਚ ਉਹ ਦੱਸਦੇ ਹਨ, ਕਿ ਇਕ ਵਾਰ ਬੰਬਈ (ਹੁਣ ਮੁੰਬਈ) ਵਿਖੇ ਕਾਂਗਰਸ ਦੇ ਹੋਣ ਵਾਲੇ ਜਲਸੇ ’ਤੇ ਸਰਕਾਰ ਵੱਲੋਂ ਪਾਬੰਦੀ ਲਾ ਦਿੱਤੀ ਗਈ ਤੇ ਜਲਸੇ ਵਾਲੀ ਥਾਂ ਪੁਲਿਸ ਨੇ ਆਪਣੇ ਘੇਰੇ ਵਿੱਚ ਲੈ ਲਈ। ਕੋਈ ਵੀ ਕਾਂਗਰਸੀ ਜਾਂ ਕੋਈ ਹੋਰ ਦੇਸ਼-ਭਗਤ ਇਸ ਪਾਬੰਦੀ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਸੀ ਜੁਟਾ ਪਾ ਰਿਹਾ। ਉਸ ਸਮੇਂ ਸਿੱਖਾਂ ਦੇ ਜਥੇ ਨੇ ਹੀ, ਜ. ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਮੈਦਾਨ ਵਿੱਚ ਨਿੱਤਰ ਕਾਂਗਰਸ ਦੀ ਇੱਜ਼ਤ ਬਚਾਈ ਸੀ।



ਉਨ੍ਹਾਂ ਇਹ ਵੀ ਦੱਸਿਆ ਕਿ ਅੱਜ ਜੰਮੂ-ਕਸ਼ਮੀਰ ਦਾ ਜੋ ਹਿੱਸਾ ਭਾਰਤ ਦਾ ਅੰਗ ਬਣਿਆ ਹੋਇਆ ਹੈ, ਉਹ ਵੀ ਸਿੱਖ ਫ਼ੌਜੀਆਂ ਦੀ ਬਦੌਲਤ ਹੀ ਹੈ, ਸਿੱਖ ਫ਼ੌਜੀ ਤਾਂ ਉਸ ਹਿੱਸੇ ਨੂੰ ਵੀ ਪਾਕਿਸਤਾਨ ਤੋਂ ਵਾਪਸ ਲੈ ਲੈਣ ਲਈ ਤਿਆਰ ਸਨ, ਜੋ ਅੱਜ ਵੀ ਪਾਕਿਸਤਾਨ ਦੇ ਕਬਜ਼ੇ ਵਿੱਚ ਹੈ, ਤੇ ਭਾਰਤ ਲਈ ਕਦੀ ਵੀ ਦੂਰ ਨਾ ਹੋ ਪਾ ਸਕਣ ਵਾਲਾ ਸਿਰ ਦਰਦ ਬਣਿਆ ਹੋਇਆ ਹੈ। ਪ੍ਰੰਤੂ ਉਸ ਸਮੇਂ ਦੇ ਪ੍ਰਧਾਨ ਮੰਤਰੀ, ਪੰਡਤ ਜਵਾਹਰ ਲਾਲ ਨਹਿਰੂ, ਸਿੱਖ ਫ਼ੌਜੀਆਂ ਨੂੰ ਅੱਗੇ ਵਧਣ ਤੋਂ ਰੋਕ, ਇਹ ਮਾਮਲਾ ਯੂਐਨਓ ਵਿੱਚ ਲੈ ਗਏ, ਜਿਸ ਨਾਲ ਇਹ ਮਾਮਲਾ ਅਜਿਹਾ ਉਲਝਿਆ ਕਿ ਅਜੇ ਤੱਕ ਸੁਲਝਣ ਦਾ ਨਾਂ ਨਹੀਂ ਲੈ ਰਿਹਾ। ਭਾਰਤ ਉਸ ਉਲਝਣ ਵਿੱਚੋਂ ਨਿਕਲਣ ਲਈ ਲਗਾਤਾਰ ਜਾਨ-ਮਾਲ ਦੀ ਭਾਰੀ ਕੀਮਤ ਚੁਕਾਂਦਾ ਅਤੇ ਹੱਥ-ਪੈਰ ਮਾਰਦਾ ਚੱਲਿਆ ਆ ਰਿਹਾ ਹੈ।

ਇਨ੍ਹਾਂ ਬਜ਼ੁਰਗਾਂ ਅਨੁਸਾਰ ਦੇਸ਼ ਨੂੰ ਏਕਤਾ ਦੇ ਸੂਤਰ ਵਿੱਚ ਪਰੋਣ ਲਈ ਰਿਆਸਤਾਂ ਨੂੰ ਭਾਰਤ ਵਿੱਚ ਸ਼ਾਮਲ ਕਰਨ ਦਾ ਸਿਹਰਾ ਸਰਦਾਰ ਪਟੇਲ ਦੇ ਸਿਰ ਬੰਨ੍ਹਿਆ ਜਾਂਦਾ ਹੈ, ਜਦੋਂ ਕਿ ਇਨ੍ਹਾਂ ਰਿਆਸਤਾਂ ਦੇ ਸਰਬਰਾਹ ਕਿਸੇ ਵੀ ਕੀਮਤ ਤੇ ਆਪਣੀਆਂ ਰਿਆਸਤਾਂ ਨੂੰ ਭਾਰਤ ਵਿੱਚ ਸ਼ਾਮਲ ਕਰਨ ਲਈ ਤਿਆਰ ਨਹੀਂ ਸੀ ਹੋ ਰਹੇ, ਕਿਉਂਕਿ ਸਰਦਾਰ ਪਟੇਲ ਉਨ੍ਹਾਂ ਦੀਆਂ ਸ਼ੰਕਾਵਾਂ ਨੂੰ ਦੂਰ ਨਹੀਂ ਸੀ ਕਰ ਪਾ ਰਹੇ। ਇਸ ਪੱਖੋਂ ਸਰਦਾਰ ਪਟੇਲ ਹੀ ਨਹੀਂ, ਸਗੋਂ ਪੰਡਤ ਨਹਿਰੂ ਤੱਕ ਵੀ ਨਿਰਾਸ਼ ਹੋ ਹਥਿਆਰ ਸੁੱਟ ਚੁੱਕੇ ਸਨ। ਉਸ ਸਮੇਂ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਅੱਗੇ ਆ, ਉਨ੍ਹਾਂ ਦੀ ਮਦਦ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਆਪ, ਆਪਣੀ ਰਿਆਸਤ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਕਰਨ ਦੀ ਪੇਸ਼ਕਸ਼ ਕੀਤੀ। ਫਿਰ ਉਨ੍ਹਾਂ ਦੂਜੇ, ਆਪਣੇ ਪ੍ਰਭਾਵ ਹੇਠਲੇ ਰਾਜਿਆਂ ਨੂੰ ਭਾਰਤੀ ਸੰਘ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਆ। ਉਸ ਤੋਂ ਬਾਅਦ ਹੀ ਹੋਰ ਰਾਜੇ ਆਪਣੀਆਂ ਰਿਆਸਤਾਂ ਭਾਰਤੀ ਸੰਘ ਵਿੱਚ ਸ਼ਾਮਲ ਕਰਨ ਲਈ ਤਿਆਰ ਹੋਏ। ਹੈਦਰਾਬਾਦ ਤੇ ਜੂਨਾਗੜ੍ਹ ਰਿਆਸਤਾਂ ਦੇ ਨਵਾਬਾਂ ਨੇ ਤਾਂ ਪਾਕਿਸਤਾਨ ਨਾਲ ਆਪਣਾ ਭਵਿੱਖ ਜੋੜਨ ਦਾ ਐਲਾਨ ਕਰ ਦਿੱਤਾ ਸੀ। ਇਨ੍ਹਾਂ ਰਿਆਸਤਾਂ ਦੀਆਂ ਫ਼ੌਜਾਂ ਪਾਸੋਂ ਹਥਿਆਰ ਸੁਟਾ, ਇਨ੍ਹਾਂ ਦੇ ਨਵਾਬਾਂ ਨੂੰ ਭਾਰਤ ਵਿੱਚ ਸ਼ਾਮਲ ਹੋਣ ਤੇ ਮਜਬੂਰ ਕਰਨ ਵਿੱਚ ਵੀ ਸਿੱਖ ਫ਼ੌਜੀ ਟੁਕੜੀਆਂ ਦੀ ਹੀ ਮੁੱਖ ਭੂਮਿਕਾ ਰਹੀ ਸੀ। ਇਨ੍ਹਾਂ ਬਜ਼ੁਰਗਾਂ ਨੂੰ ਇਹ ਸ਼ਿਕਵਾ ਵੀ ਹੈ ਕਿ ਸਿੱਖਾਂ ਨੇ ਇਸ ਦੇਸ਼ ਲਈ ਕੀ ਕੁੱਝ ਨਹੀਂ ਕੀਤਾ? ਪਰ ਦੇਸ਼ ਦੇ ਕਰਣਧਾਰਾਂ ਨੇ ਉਨ੍ਹਾਂ ਦੇ ਕੀਤੇ ਦਾ ਸਨਮਾਨ ਕਰਨਾ ਤਾਂ ਦੂਰ ਰਿਹਾ, ਉਨ੍ਹਾਂ ਨਾਲ ਇਨਸਾਫ਼ ਕਰਨ ਦੀ ਵੀ ਲੋੜ ਨਹੀਂ ਸਮਝੀ।

.....**ਅਤੇ ਅੰਤ ਵਿੱਚ** : ਇਨ੍ਹਾਂ ਬਜ਼ੁਰਗਾਂ ਨੂੰ ਇਹ ਸ਼ਿਕਵਾ ਵੀ ਹੈ ਕਿ ਜਦੋਂ ਸਿੱਖ ਆਗੂਆਂ ਨੇ ਪੰਜਾਬੀ ਭਾਸ਼ਾ ਦੇ ਆਧਾਰ ’ਤੇ ਪੰਜਾਬ ਦੇ ਪੁਨਰਗਠਨ ਦੀ ਮੰਗ ਕੀਤੀ ਅਤੇ ਇਸ ਮੰਗ ਦੀ ਪੂਰਤੀ ਲਈ ਲੰਮਾ ਸੰਘਰਸ਼ ਕੀਤਾ। ਉਸ ਦੌਰਾਨ ਗ਼ੈਰ-ਸਿੱਖ ਪੰਜਾਬੀਆਂ ਨੇ ਉਨ੍ਹਾਂ ਦਾ ਸਮਰਥਨ ਕਰਨ ਦੀ ਬਜਾਏ, ਇਹ ਆਖ ਉਨ੍ਹਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਕਿ ਸਿੱਖ ਪੰਜਾਬੀ ਸੂਬੇ ਦੇ ਨਾਂ ’ਤੇ ਖਾਲਿਸਤਾਨ ਕਾਇਮ ਕਰਨਾ ਚਾਹੁੰਦੇ ਹਨ।

ਫਲਸਰੂਪ ਪੰਜਾਬੀ ਸੂਬੇ ਦੀ ਮੰਗ ਦਾ ਤਿੱਖਾ ਵਿਰੋਧ ਹੋਇਆ। ਇਸੇ ਦਾ ਨਤੀਜਾ ਸੀ ਕਿ ਉਸ ਪੰਜਾਬ ਵਿੱਚ, ਜੋ ਗੁਰਾਂ ਦੇ ਨਾਂ ਤੇ ਜੀਂਦਾ ਸੀ ਅਤੇ ਜਿੱਥੇ ਸਦਾ ਹੀ ਪਿਆਰ ਤੇ ਆਪਸੀ ਸਾਂਝ ਦੇ ਗੀਤ ਗੂੰਜਦੇ ਸਨ, ਵੈਰ ਤੇ ਨਫ਼ਰਤ ਦੇ ਬੀਜ ਬੀਜੇ ਜਾਣ ਲਗ ਪਏ। ਗੁਆਂਢੀ, ਗੁਆਂਢੀ ਨੂੰ ਸ਼ੱਕ ਦੀਆਂ ਨਜ਼ਰਾਂ ਦੇ ਨਾਲ ਵੇਖਣ ਲਗਾ।....ਇਸ ਤੋਂ ਅੱਗੇ ਉਹ ਕੁੱਝ ਨਾ ਕਹਿ ਸਕੇ। ਉਨ੍ਹਾਂ ਦਾ ਗੱਲਾ ਭਰ ਆਇਆ ਤੇ ਉਹ ਇਤਨਾ ਹੋਰ ਆਖ ਚੁੱਪ ਕਰ ਗਏ ਕਿ ਇਸ ਤੋਂ ਬਾਅਦ ਜੋ ਕੁੱਝ ਹੋਇਆ, ਉਸ ਨੂੰ ਅੱਜ ਦੀ ਪੀੜ੍ਹੀ ਚੰਗੀ ਤਰ੍ਹਾਂ ਜਾਣਦੀ ਹੈ।



# ਦਿੱਲੀ ਦੇ ਸਿੰਘੂ ਬਾਡਰ ਉਤੈਂ ਚੱਲ ਰਹੇ ਕਿਸਾਨ ਅੰਦੋਲਨ ਵਿੱਚ ਪੰਜਾਬੀ ਗਾਇਕ ਤੇ ਬਾਲੀਵੁੱਡ ਅਦਾਕਾਰਾਂ ਦੀ ਹਾਜ਼ਰੀ ਤਸਵੀਰਾਂ ਦੀ ਜ਼ੁਬਾਨੀ

















ਸਮੂੰਹ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ "ਕੂਕ ਪੰਜਾਬੀ ਸਮਾਚਾਰ" ਵਿੱਚ ਛੱਪਣ ਵਾਲੀ ਧਾਰਮਿਕ ਸਮੱਗਰੀ ਅਤੇ ਤਸਵੀਰਾਂ ਦਾ ਸਨਮਾਨ ਕਰੋ ਅਤੇ ਇਨ੍ਹਾਂ ਨੂੰ ਬੇਅਦਬੀ ਤੋਂ ਬਚਾਉ। ਧੰਨਵਾਦ


Vacancy

ROSEHILL BEAUTY & HAIR

BEAUTY AND MASSAGE THERAPIST

You MUST know Threading, Brow henna, Hand Heena Designing, Waxing, Facial Treatments, Body Massages, Pedicure, Manicure, Tinting, Make-ups, Hair Dressing (Haircuts, hair styling, blow wave, etc)

AND

LASER HAIR REMOVAL

Is ADDED ADVANTAGE

Call on 0211738327

Email: sumen@rosehillbeauty.co.nz




# K I D S C O R N E R

Working clock-wise!!!

## Maze

From one dot to the other dot.



## Punjabi days of the Week

| | | |
|---|---|---|
| Monday | Somvaar | ਸੋਮਵਾਰ |
| Tuesday | Mangalvaar | ਮੰਗਲਵਾਰ |
| Wednesday | Budvaar | ਬੁਧਵਾਰ |
| Thursday | Veervaar | ਵੀਰਵਾਰ |
| Friday | Shukarvaar | ਸ਼ੁਕਰਵਾਰ |
| Saturday | Shnichervaar | ਸ਼ਨਿਚਰਵਾਰ |
| Sunday | Aetvaar | ਐਤਵਾਰ |

## Punjabi Colours

| | | |
|---|---|---|
| Green | Hara | ਹਰਾਂ |
| Red | Lal | ਲਾਲ |
| Blue | Neela | ਨੀਲਾ |
| Orange | Santri | ਸੰਤਰੀ |
| Yellow | Peela | ਪੀਲਾ |
| Purple | Jamnee | ਜਾਮਨੀ |
| Gray | Salati | ਸਲੇਟੀ |
| Black | Kala | ਕਾਲਾ |
| Brown | Khakhi | ਖਾਖੀ |
| Pink | Gulabi | ਗੁਲਾਬੀ |

Sport the Difference






## Guru Ji's Arrow

Guru Gobind Singh Ji was not only a great teacher but he was also the greatest of warriors. He taught his Sikhs to meditate on the One in everyone and he also taught them to train their bodies.

His Sikhs trained very hard. They were tested constantly. Guru Gobind Singh ji also trained himself intensely and, while doing so, he never forgot God. He was always in bliss. He was so expert at shooting a bow that his arrows could go much farther than anyone else's arrows.

One time, emperor Aurangzeb sent an army to surround Anandpur Sahib where the Guru and his Sikhs were living. About two miles away the emperor's army set up camp. Anandpur was cut off from all food and water coming in.

One day two generals, named Zabardast Khan and Wajir Khan, were playing a game of chess in their camp. They didn't know that Guru ji was watching them from two miles away through his telescope. From the Anandpur fortress Guru Gobind Singh leaned back and shot an arrow high in to the sky. The arrow soared through the sky like it was happy to meet a new friend. It thwacked into leg of the bench on which the generals were sitting. "Huh?" "What was that?" Everyone got scared, "We are under attack!!" they yelled, "Run for shelter!"

After a little while, the whole camp became silent. Slowly, people came out of hiding. Wajir Khan pulled the arrow out of the leg of the bench and said, "Who would dare shoot an arrow at us!?! Whoever did it must be found and punished!"

A prince who lived near Anandpur said, "I recognize this arrow! It has a gold arrowhead on it, so it must be the arrow of Guru Gobind Singh."

The Guru always put gold on his arrows so that the families of men killed in battle will be cared for after their death. The generals didn't believe him, "How could it be the Guru's arrow!? If he was close enough to shoot at us, we would have seen him and captured him."

Another prince who lived nearby spoke up, "Guru Gobind Singh is a very brave man. I have heard many stories of his heroism. He must have shot the arrow from the top of the Anandpur fortress." The generals laughed, From the top of Anandpur fort?! That's over two miles away. No one can shoot that far! The prince spoke again, "The Guru has special powers, two miles is not too much for him." Everyone who had been watching the chess game became very impressed. Wajir Khan got angry and yelled, "Silence you fools! Wherever this arrow came from, let us thank Allah we didn't get hit. Allah has protected us. Allah has made a miracle and saved our lives."

As they were about to sit down to start the chess game again, a second arrow soared through the sky. It hit the bench in exactly the same spot as the last one. Everyone freaked out, "Where is that coming from!?" "Save yourselves!" "I don't want to die!"

After everyone settled down Zabardast Khan said, "Come out, com out. It's safe." He noticed that there was a letter attached to this arrow. He said, "What is this? a letter? It's written in Persian. Ah, the language of kings! How superbly is this letter written!" Then he read the letter the Guru had written:

"This is not a miracle, I am not in favor of performing miracles. This skill comes only from practice. You think wrong; I was not trying to take the lives of Zabardast Khan or Wajir Khan. The first arrow was not meant to hit either one of you."

The generals were shocked, "I can not believe this, how did he shoot that far? He could have taken our lives, so why didn't he?" Guru ji's message to them was clear, the Sikhs will never give up. The Sikhs will always be kind but will also never surrender.

Guru ji always taught the Sikhs to to be become excellent in all things and to live their lives purely and simply. It is through discipline and practice that we can accomplish anything in life. It is through discipline and practice that we can become strong and we can help others.

Guru Ji says, "I do not love my Sikhs. It is their discipline that I love."

Storyteller: Ravi Kaur Khalsa

Thank You Sikhnet

## ਕੇਸ ਗੁਰੂ ਦੀ ਮੋਹਰ ਹਨ



ਐ ਨੌਜਵਾਨ ਖਾਲਸਾ। ਜਾਗ ਤੇ ਸੰਭਾਲ ਆਪਣਾ ਗੌਰਵਮਈ ਵਿਰਸਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਤੈਨੂੰ ਸਰਦਾਰੀ ਬਖਸ਼ੀ ਸੀ। ਅੱਜ ਤੂੰ ਝੂਠੇ ਫੈਸ਼ਨਾਂ ਮਗਰ ਲੱਗ ਕੇ ਆਪਣੀ ਸਰਦਾਰੀ ਦਾ ਆਪ ਕਾਤਲ ਨਾ ਬਣ। ਕੇਸਾਂ ਦੀ ਬੇਅਦਬੀ ਛੱਡ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਖਾਸ ਰੂਪ ਬਣ। ਕੇਸ ਗੁਰੂ ਦੀ ਮੋਹਰ ਹਨ ਤੇ ਗੁਰੂ ਦੀ ਬਖਸ਼ੀ ਹੋਈ ਅਮਾਨਤ ਹਨ ਅਤੇ ਤੂੰ ਗੁਰੂ ਦੀ ਅਮਾਨਤ ਵਿੱਚ ਖਿਆਨਤ ਨਾ ਕਰ।







This Page Is Sponsored By
DIL
Spray Painting and Powder Coating
email : dilsprayer@yahoo.co.nz









# ਕਿਸਾਨ ਅੰਦੋਲਨ ਅਨੇਕ ਨਵੇਂ ਕੀਰਤੀਮਾਨ ਸਿਰਜ ਕੇ ਭਾਈਚਾਰਕ ਸਾਂਝ ਦਾ ਪ੍ਰਤੀਕ ਬਣਿਆਂ



ਲੇਖਕ - ਉਜਾਗਰ ਸਿੰਘ, ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ,
ਮੋਬਾਈਲ-0091 94178 13072, E-mail : ujagarsingh48@yahoo.com

ਦਿੱਲੀ ਦੀਆਂ ਸਰਹੱਦਾਂ ਉਪਰ ਚੱਲ ਰਿਹਾ ਕਿਸਾਨ ਅੰਦੋਲਨ ਕਈ ਨਵੇਂ ਕੀਰਤੀਮਾਨ ਸਿਰਜ ਕੇ ਭਾਈਚਾਰਕ ਸਾਂਝ ਦਾ ਪ੍ਰਤੀਕ ਬਣ ਗਿਆ ਹੈ। ਇਕ ਕਿਸਮ ਨਾਲ ਸ਼ਾਂਤਮਈ ਇਨਕਲਾਬ ਦੀ ਨੀਂਹ ਰੱਖੀ ਗਈ ਹੈ। ਪੰਜਾਬੀਆਂ ਦੇ ਖ਼ੂਨ ਵਿੱਚ ਲੜਨ ਮਰਨ ਦਾ ਜਜ਼ਬਾ, ਲਗਨ, ਦ੍ਰਿੜ੍ਹਤਾ, ਜੋਸ਼, ਆਕਰੋਸ਼ ਦਲੇਰੀ ਅਤੇ ਹਿੰਮਤ ਨਾ ਹਾਰਨ ਦੀ ਪ੍ਰਵਿਰਤੀ ਹੈ, ਜਿਸ ਕਰਕੇ ਉਹ ਜੋ ਪ੍ਰਣ ਕਰ ਲੈਣ ਉਸ ਦੀ ਪ੍ਰਾਪਤੀ ਤੋਂ ਬਿਨਾ ਪਿੱਛੇ ਨਹੀਂ ਹੱਟ ਦੇ। ਸਬਰ, ਸੰਤੋਖ, ਸ਼ਹਿਣਸ਼ੀਲਤਾ ਅਤੇ ਸਰਬੱਤ ਦਾ ਭਲਾ ਕਰਨ ਦੀ ਭਾਵਨਾ ਵੀ ਗੁਰੂਆਂ ਨੇ ਉਨ੍ਹਾਂ ਵਿੱਚ ਪ੍ਰਜਵਲਿਤ ਕੀਤੀ ਹੋਈ ਹੈ ਪ੍ਰੰਤੂ ਜਦੋਂ ਜ਼ੁਲਮ ਵੱਧ ਜਾਵੇ ਤਾਂ ਸ਼ਮਸ਼ੀਰ ਚੁੱਕਣ ਦਾ ਸਿਧਾਂਤ ਵੀ ਗੁਰੂ ਸਾਹਿਬ ਨੇ ਦਿੱਤਾ ਹੈ। ਇਸ ਦਾ ਸਬੂਤ ਦੇਸ਼ ਦੀ ਆਜ਼ਾਦੀ ਦੀ ਮੁਹਿੰਮ ਵਿੱਚ ਪੰਜਾਬੀਆਂ ਦੇ ਯੋਗਦਾਨ ਤੋਂ ਸਾਫ਼ ਹੋ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਰਹੱਦਾਂ ਤੇ ਭਾਵੇਂ ਪਾਕਿਸਤਾਨ ਅਤੇ ਚੀਨ ਦੀ ਲੜਾਈ ਹੋਵੇ ਹਮੇਸ਼ਾ ਪੰਜਾਬੀਆਂ ਨੇ ਮੋਹਰੀ ਦੀ ਭੂਮਿਕਾ ਨਿਭਾ ਕੇ ਮੱਲਾਂ ਮਾਰੀਆਂ ਹਨ। ਪਾਕਿਸਤਾਨ ਵਿੱਚੋਂ ਬੰਗਲਾ ਦੇਸ਼ ਨੂੰ ਵੱਖਰਾ ਦੇਸ਼ ਬਣਾਉਣ ਦੀ ਲੜਾਈ ਵਿੱਚ ਇਕ ਲੱਖ ਪਾਕਿਸਤਾਨੀ ਫ਼ੌਜੀਆਂ ਤੋਂ ਹਥਿਆਰ ਸੁਟਵਾਉਣ ਵਾਲੇ ਜਗਜੀਤ ਸਿੰਘ ਅਰੋੜਾ ਵੀ ਪੰਜਾਬੀ ਹੀ ਸਨ। ਵਿਰੋਧੀਆਂ ਤੋਂ ਹਥਿਆਰ ਸੁਟਵਾਉਣ ਦਾ ਤਜਰਬਾ ਪੰਜਾਬੀਆਂ ਕੋਲ ਹੈ। ਕਿਸਾਨ ਅੰਦੋਲਨ ਵੀ ਕੇਂਦਰ ਸਰਕਾਰ ਦੇ ਜ਼ੁਲਮ ਦੇ ਵਿਰੋਧ ਦਾ ਹੀ ਨਤੀਜਾ ਹੈ। ਕਿਸਾਨ ਅੰਦੋਲਨ ਵਿੱਚ ਵੀ ਪੰਜਾਬੀ ਹੀ ਮੋਹਰੀ ਦੀ ਭੂਮਿਕਾ ਨਿਭਾ ਰਹੇ ਹਨ। ਹਰਿਆਣਵੀ ਵੀ ਮੁੱਢਲੇ ਤੌਰ 'ਤੇ ਪੰਜਾਬੀ ਹੀ ਹਨ। ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਂ ਉੱਪਰ ਖੇਤੀਬਾੜੀ ਨਾਲ ਸੰਬੰਧਿਤ ਬਣਾਏ ਗਏ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਕੀਤੇ ਜਾ ਰਹੇ ਕਿਸਾਨ ਅੰਦੋਲਨ ਨੇ ਕਈ ਨਵੇਂ ਕੀਰਤੀਮਾਨ ਸਿਰਜ ਦਿੱਤੇ ਹਨ। ਇਸ ਅੰਦੋਲਨ ਨੇ ਪੰਜਾਬ ਦੇ ਕਿਸਾਨਾਂ ਦੀਆਂ 31 ਜਥੇਬੰਦੀਆਂ ਵਿੱਚ ਅਨੇਕਾਂ ਵਖਰੇਵੇਂ ਹੋਣ ਦੇ ਬਾਵਜੂਦ ਜਦੋਂ ਕੇਂਦਰ ਨੇ ਉਨ੍ਹਾਂ ਦੇ ਅਸਤਿਤਵ ਨੂੰ ਹੱਥ ਪਾ ਲਿਆ ਤਾਂ ਇਕ ਮੰਚ 'ਤੇ ਇਕੱਠੇ ਹੋ ਗਏ। ਇਸ ਤੋਂ ਵੀ ਵੱਡੀ ਗੱਲ ਇਸ ਅੰਦੋਲਨ ਨੇ ਭਾਰਤ ਦੇ ਸਮੁੱਚੇ ਕਿਸਾਨਾਂ ਨੂੰ ਵੀ ਲਾਮਬੰਦ ਕਰ ਦਿੱਤਾ ਹੈ। ਪੰਜਾਬ ਅਤੇ ਹਰਿਆਣਾ ਵਿੱਚ ਹੁਣ ਤੱਕ ਜਿਹੜੀ ਦੋਹਾਂ ਰਾਜਾਂ ਦੇ ਕਿਸਾਨਾ ਦੇ ਹਿਤਾਂ ਦੇ ਟਕਰਾਓ ਕਰਕੇ ਕੁੜੱਤਣ ਵਧਦੀ ਹੀ ਜਾ ਰਹੀ ਸੀ, ਉਹ ਵੀ ਖ਼ਤਮ ਕਰ ਦਿੱਤੀ ਹੈ। ਹਰਿਆਣਾ ਦੇ ਕਿਸਾਨ ਪੰਜਾਬ ਦੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਜੱਦੋਜਹਿਦ ਕਰ ਰਹੇ ਹਨ। ਇੱਥੇ ਹੀ ਬਸ ਨਹੀਂ ਹਰਿਆਣਵੀ ਪੰਜਾਬੀ ਕਿਸਾਨਾਂ ਦੀ ਆਓ ਭਗਤ ਵਿੱਚ ਵੀ ਕੋਈ ਕਸਰ ਨਹੀਂ ਛੱਡ ਰਹੇ। ਇਕ ਹੋਰ ਮਹੱਤਵਪੂਰਨ ਗੱਲ ਇਹ ਵੀ ਹੈ ਕਿ ਹੁਣ ਤੱਕ ਦੇਸ ਵਿੱਚ ਇਤਨਾ ਵੱਡਾ, ਲੰਮਾ ਅਤੇ ਸ਼ਾਂਤਮਈ ਕੋਈ ਵੀ ਅੰਦੋਲਨ ਨਹੀਂ ਹੋਇਆ। ਇਹ ਅੰਦੋਲਨ ਇਤਿਹਾਸ ਦਾ ਹਿਸਾ ਬਣੇਗਾ। ਅੰਦੋਲਨ ਆਮ ਤੌਰ 'ਤੇ ਹਿੰਸਕ ਹੋ ਜਾਂਦੇ ਹਨ ਪ੍ਰੰਤੂ ਕਿਸਾਨਾਂ ਦਾ ਇਹ ਅੰਦੋਲਨ ਪੂਰਨ ਸ਼ਾਂਤਮਈ ਢੰਗ ਨਾਲ ਵੱਡਾ ਇਕੱਠ ਹੋਣ ਦੇ ਬਾਵਜੂਦ ਚੱਲ ਰਿਹਾ ਹੈ। ਭਾਵੇਂ ਕੇਂਦਰੀ ਏਜੰਸੀਆਂ ਨੇ ਇਸ ਅੰਦੋਲਨ ਵਿੱਚ ਆਪਣੇ ਬੰਦਿਆਂ ਦੀ ਘੁਸਪੈਠ ਕਰਵਾ ਕੇ ਅਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਿਸਾਨ ਉਨ੍ਹਾਂ ਘੁਸਪੈਠੀਆਂ ਉਪਰ ਵੀ ਹੱਥ ਨਹੀਂ ਚੁੱਕ ਰਹੇ। ਉਨ੍ਹਾਂ ਘੁਸਪੈਠੀਆਂ ਨੂੰ ਸ਼ਾਂਤਮਈ ਢੰਗ ਨਾਲ ਪੱਕੜ ਕੇ ਪੁਲਿਸ ਦੇ ਸਪੁਰਦ ਕਰ ਰਹੇ ਹਨ। ਇਸ ਤੋਂ ਪਹਿਲਾਂ ਹਰ ਅੰਦੋਲਨ ਦੀ ਰਹਿਨੁਮਾਈ ਜਾਂ ਪਿਠ-ਭੂਮੀ ਵਿੱਚ ਕੋਈ ਨਾ ਕੋਈ ਸਿਆਸੀ ਪਾਰਟੀ ਹੁੰਦੀ ਸੀ। ਇਸ ਵਾਰ ਕਿਸੇ ਵੀ ਸਿਆਸੀ ਪਾਰਟੀ ਨੂੰ ਇਸ ਅੰਦੋਲਨ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਨ ਦਿੱਤੀ ਜਾ ਰਹੀ। ਇੱਥੋਂ ਤੱਕ ਕੇ ਸਟੇਜਾਂ ਦੇ ਕੋਲ ਢੁਕਣ ਹੀ ਨਹੀਂ ਦਿੱਤਾ ਜਾਂਦਾ। ਹਾਲਾਂ ਕਿ ਅੰਦੋਲਨ ਵਿੱਚ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਵਰਕਰ ਸ਼ਾਮਲ ਹੋ ਰਹੇ ਹਨ ਪ੍ਰੰਤੂ ਉਹ ਕੋਈ ਵੀ ਆਪੋ ਆਪਣੀਆਂ ਪਾਰਟੀਆਂ ਦਾ ਝੰਡਾ ਨਹੀਂ ਲਿਜਾ ਰਹੇ, ਸਿਰਫ਼ ਕਿਸਾਨ ਯੂਨੀਅਨ ਦਾ ਇੱਕੋ ਇਕ ਝੰਡਾ ਲੈ ਕੇ ਜਾਣ ਦੀ ਪ੍ਰਵਾਨਗੀ ਹੈ। ਅਨੁਸ਼ਾਸਨ ਵੀ ਕਮਾਲ ਦਾ ਹੈ। ਕੋਈ ਹੁੱਲੜਬਾਜ਼ੀ ਨਹੀਂ। ਸਗੋਂ ਸ਼ਾਂਤਮਈ ਰਹਿਣ ਦੀਆਂ ਅਪੀਲਾਂ ਸਟੇਜ ਤੋਂ ਵਾਰ ਵਾਰ ਕੀਤੀਆਂ ਜਾ ਰਹੀਆਂ ਹਨ। ਭਾਵੇਂ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨੇ ਇਸ ਅੰਦੋਲਨ ਨੂੰ ਵੱਖਵਾਦੀ ਵੀ ਕਿਹਾ ਹੈ। ਪ੍ਰੰਤੂ ਦੂਜੇ ਰਾਜਾਂ ਦੇ ਕਿਸਾਨ ਕਹਿ ਰਹੇ ਹਨ ਕਿ ਜੇ ਆਪਣੇ ਹੱਕ ਮੰਗਣਾ ਵਖਵਾਦੀ ਹੈ ਤਾਂ ਉਹ ਵੀ ਵੱਖਵਾਦੀ ਹਨ। ਦੇਸ ਵਿੱਚ ਜਿਤਨੇ ਵੀ ਅੰਦੋਲਨ ਹੁੰਦੇ ਰਹੇ ਹਨ, ਉਨ੍ਹਾਂ ਦੀ ਅਗਵਾਈ ਮਰਦ ਹੀ ਕਰਦੇ ਰਹੇ ਹਨ ਪ੍ਰੰਤੂ ਇਸ ਅੰਦੋਲਨ ਦੀ ਵਿਲੱਖਣਤਾ ਇਹ ਹੈ ਕਿ ਇਸ ਵਿੱਚ ਇਸਤਰੀਆਂ, ਬੱਚੇ, ਨੌਜਵਾਨ, ਵਿਦਿਆਰਥੀ ਅਤੇ ਬਜ਼ੁਰਗ ਵੀ ਬਰਾਬਰ ਗਿਣਤੀ ਵਿੱਚ ਸ਼ਾਮਲ ਹਨ। ਪੰਜਾਬ ਦੇ ਨੌਜਵਾਨਾ ਨੇ ਵੱਡੀ ਗਿਣਤੀ ਵਿੱਚ ਹਿੱਸਾ ਲੈ ਕੇ ਸਾਬਤ ਕਰ ਦਿੱਤਾ ਹੈ ਕਿ ਉਹ ਪੰਜਾਬ ਦੇ ਰਖਵਾਲੇ ਹਨ।

ਇਹ ਗੱਲ ਤਾਂ ਠੀਕ ਹੈ ਕਿ ਆਮ ਲੋਕਾਂ ਨੂੰ ਆਵਾਜਾਈ ਦੀ ਅੰਦੋਲਨ ਨਾਲ ਥੋੜ੍ਹੀ ਮੁਸ਼ਕਲ ਆ ਰਹੀ ਹੈ ਪ੍ਰੰਤੂ ਫਿਰ ਵੀ ਹੈਰਾਨੀ ਦੀ ਗੱਲ ਹੈ ਕਿ ਆਮ ਲੋਕ ਇਸ ਅੰਦੋਲਨ ਦੇ ਹੱਕ ਵਿੱਚ ਖੜ੍ਹੇ ਹਨ। ਸਮਾਜ ਦੇ ਹਰ ਵਰਗ ਦੀਆਂ ਸੰਸਥਾਵਾਂ ਇਸ ਅੰਦੋਲਨ ਦਾ ਹਿੱਸਾ ਬਣ ਰਹੀਆਂ ਹਨ। ਇਸ ਤੋਂ ਪਹਿਲਾਂ ਸਿਰਫ਼ ਇਕ ਅੱਧੀ ਸੰਸਥਾ ਕਿਸੇ ਵੀ ਅੰਦੋਲਨ ਦੀ ਸਪੋਰਟ ਤਾਂ ਕਰ ਦਿੰਦੀ ਸੀ ਪ੍ਰੰਤੂ ਉਸ ਵਿੱਚ ਸ਼ਾਮਲ ਨਹੀਂ ਹੁੰਦੀ ਸੀ। ਇਸ ਅੰਦੋਲਨ ਵਿੱਚ ਦੇਸ ਅਤੇ ਖ਼ਾਸ ਤੌਰ 'ਤੇ ਪੰਜਾਬ ਦੀ ਕੋਈ ਅਜਿਹੀ ਸੰਸਥਾ ਨਹੀਂ ਜਿਹੜੀ ਸ਼ਾਮਲ ਨਾ ਹੋ ਰਹੀ ਹੋਵੇ। ਮੁੱਖ ਤੌਰ 'ਤੇ ਕਲਾਕਾਰ, ਡਾਕਟਰ, ਵਕੀਲ, ਸਮਾਜ ਸੇਵੀ ਸੰਸਥਾਵਾਂ, ਪੈਰਾ ਮੈਡੀਕਲ ਸਭਾਵਾਂ, ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸੰਸਥਾਵਾਂ, ਸਾਬਕਾ ਨੌਕਰਸ਼ਾਹ, ਸਾਬਕਾ ਫ਼ੌਜੀ ਅਧਿਕਾਰੀ, ਸਾਹਿਤਕਾਰ, ਪੱਤਰਕਾਰ, ਵਿਦਿਆਰਥੀ ਜਥੇਬੰਦੀਆਂ, ਨਿਹੰਗ ਸਿੰਘ ਅਤੇ ਵੱਖ ਵੱਖ ਖੇਤਰਾਂ ਦੇ ਮਹੱਤਵਪੂਰਨ ਵਿਅਕਤੀਆਂ ਨੂੰ ਕੇਂਦਰ ਸਰਕਾਰ ਵੱਲੋਂ ਜਿਹੜੇ ਪੁਰਸਕਾਰ ਮਿਲੇ ਹੋਏ ਸਨ, ਉਨ੍ਹਾਂ ਨੂੰ ਵਿਰੋਧ ਕਰਕੇ ਵਾਪਸ ਕਰ ਰਹੇ ਹਨ। ਭਾਰਤ ਦੇ ਇਤਿਹਾਸ ਵਿੱਚ ਕਿਸੇ ਵੀ ਅੰਦੋਲਨ ਨੂੰ ਇਤਨਾ ਸਮਰਥਨ ਨਹੀਂ ਮਿਲਿਆ ਜਿਤਨਾ ਇਸ ਅੰਦੋਲਨ ਨੂੰ ਮਿਲ ਰਿਹਾ ਹੈ।

ਵਿਦੇਸ਼ਾਂ ਵਿੱਚ ਜਿਹੜੇ ਪਰਵਾਸੀ ਵਸੇ ਹੋਏ ਹਨ, ਉਹ ਵੀ ਉਥੇ ਕਿਸਾਨਾਂ ਨਾਲ ਹਮਦਰਦੀ ਪ੍ਰਗਟਾਉਣ ਲਈ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਕਿਸਾਨ ਅੰਦੋਲਨ ਲਈ ਆਰਥਿਕ ਮਦਦ ਵੀ ਕਰ ਰਹੇ ਹਨ। ਅਮਰੀਕਾ ਵਿੱਚੋਂ ਕਿਸਾਨਾਂ ਦੀ ਹੌਸਲਾ ਅਫਜਾਈ ਲਈ ਟੂਟ ਭਰਾਵਾਂ ਨੇ 25 ਕਵਿੰਟਲ ਬਦਾਮ ਭੇਜੇ ਦੇ ਕੁੱਝ ਹੋਰ ਲੋਕਾਂ ਨੇ ਦਸ ਕਵਿੰਟਲ ਬਦਾਮ ਭੇਜੇ ਹਨ। ਵੈਸੇ ਤਾਂ ਕਿਸਾਨ ਆਪੋ ਆਪਣੇ ਜਥਿਆਂ ਲਈ ਲੰਗਰ ਦਾ ਪ੍ਰਬੰਧ ਕਰਕੇ ਗਏ ਹਨ, ਫਿਰ ਵੀ ਪੰਜਾਬ ਅਤੇ ਦੂਜੇ ਰਾਜਾਂ ਵਿੱਚੋਂ ਲੰਗਰ ਦਾ ਸਾਮਾਨ ਲਗਾਤਾਰ ਪਹੁੰਚ ਰਿਹਾ ਹੈ। ਕਈ ਤਰ੍ਹਾਂ ਦੇ ਪਕਵਾਨਾਂ ਦੇ ਲੰਗਰ ਚੱਲ ਰਹੇ ਹਨ। ਚਾਹ ਦੇ ਨਾਲ ਦੁੱਧ, ਖੀਰ, ਜਲੇਬੀਆਂ, ਫਲ, ਕਾਜੂ, ਬਦਾਮ, ਸੌਗੀ, ਲੱਸੀ, ਦਹੀਂ, ਮੱਖਣ, ਗੁੜ ਦੀਆਂ ਪਿੰਨੀਆਂ ਅਤੇ ਹੋਰ ਅਨੇਕ ਕਿਸਮ ਦੇ ਪਕਵਾਨ ਤਿਆਰ ਹੋ ਰਹੇ ਹਨ। ਬਾਹਰਲੇ ਸੂਬਿਆਂ ਵਿੱਚੋਂ ਕੁੱਝ ਨੌਜਵਾਨਾ ਨੇ ਆ ਕੇ ਲੰਗਰ ਲਾਇਆ ਹੋਇਆ ਹੈ, ਜਿਸ ਵਿੱਚ ਚਪਾਤੀਆਂ ਅਤੇ ਚਾਵਲ ਬਣਾਉਣ ਵਾਲੀਆਂ ਮਸ਼ੀਨਾਂ ਲਿਆਂਦੀਆਂ ਹੋਈਆਂ ਹਨ। ਉਸ ਲੰਗਰ ਵਿੱਚ ਹਰ ਰੋਜ਼ 25 ਹਜ਼ਾਰ ਕਿਸਾਨ ਲੰਗਰ ਛਕ ਰਹੇ ਹਨ। ਇਹ ਨੌਜਵਾਨ ਕਿਸਾਨਾਂ ਨੂੰ ਲੰਗਰ ਉਨ੍ਹਾਂ ਦੇ ਧਰਨਿਆਂ ਵਾਲੇ ਥਾਂ 'ਤੇ ਵੀ ਪਹੁੰਚਾ ਦਿੰਦੇ ਹਨ, ਬਸ਼ਰਤੇ ਕਿ ਉਨ੍ਹਾਂ ਨੂੰ ਅਗਾਊਂ ਸੂਚਨਾ ਦੇ ਦਿੱਤੀ ਜਾਵੇ ਕਿ ਕਿਤਨਾ ਲੰਗਰ ਲੋੜੀਂਦਾ ਹੈ। ਇਨ੍ਹਾਂ ਲੰਗਰਾਂ ਦੀ ਇਕ ਵਿਲੱਖਣਤਾ ਇਹ ਵੀ ਹੈ ਕਿ ਕਿਸਾਨਾਂ ਤੋਂ ਬਿਨਾ ਕੋਈ ਵੀ ਆ ਕੇ ਲੰਗਰ ਛੱਕ ਸਕਦਾ ਹੈ। ਬਹੁਤ ਸਾਰੇ ਗ਼ਰੀਬ ਲੋਕ ਵੀ ਆ ਕੇ ਲੰਗਰ ਛੱਕ ਰਹੇ ਹਨ। ਕਿਸਾਨਾਂ ਦੀ ਖੁੱਲ੍ਹਦਿਲੀ ਵੀ ਕਮਾਲ ਦੀ ਹੈ ਕਿ ਉਹ ਉਨ੍ਹਾਂ ਸੁਰੱਖਿਆ ਕਰਮਚਾਰੀਆਂ ਨੂੰ ਵੀ ਲੰਗਰ ਛਕਾ ਰਹੇ ਹਨ, ਜਿਨ੍ਹਾਂ ਨੇ ਉਨ੍ਹਾਂ ਉਪਰ ਪਾਣੀ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਸਨ। ਗੈਸ ਏਜੰਸੀਆਂ ਲੰਗਰ ਤਿਆਰ ਕਰਨ ਲਈ ਗੈਸ ਦੇ ਸਿਲੰਡਰ ਮੁਫ਼ਤ ਦੇ ਰਹੀਆਂ ਹਨ। ਕੰਬਲ, ਜਰਸੀਆਂ, ਜੁਰਾਬਾਂ, ਚੱਪਲਾਂ ਅਤੇ ਜੈਕਟਾਂ ਵੰਡੀਆਂ ਜਾ ਰਹੀਆਂ ਹਨ। ਲੰਗਰਾਂ ਵਿੱਚ ਲੋਕ ਸਵੈ ਇੱਛਾ ਨਾਲ ਆ ਕੇ ਕੰਮ ਕਰ ਰਹੇ ਹਨ। ਇਕ ਹੋਰ ਕਮਾਲ ਦੀ ਗੱਲ ਹੈ ਕਿ ਸਾਰੇ ਧਰਨਿਆਂ ਵਿੱਚ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਸਫ਼ਾਈ ਦਾ ਪ੍ਰਬੰਧ ਨੌਜਵਾਨਾ ਅਤੇ ਬਜ਼ੁਰਗਾਂ ਨੇ ਆਪਣੇ ਹੱਥਾਂ ਵਿੱਚ ਲਿਆ ਹੋਇਆ ਹੈ। ਅਨੁਸ਼ਾਸਨ ਵੀ ਬਿਹਤਰੀਨ ਹੈ। ਪ੍ਰਬੰਧਕਾਂ ਨੇ ਹਰ ਕੰਮ ਕਰਨ ਲਈ ਟੀਮਾਂ ਬਣਾਈਆਂ ਹੋਈਆਂ ਹਨ। ਡਾਕਟਰਾਂ ਦੀਆਂ ਟੀਮਾਂ ਸਵੈ ਇੱਛਾ ਨਾਲ ਡਾਕਟਰੀ ਸਹੂਲਤਾਂ ਚੌਵੀ ਘੰਟੇ ਦੇ ਰਹੀਆਂ ਹਨ। ਇਸਤਰੀਆਂ ਦੇ ਇਸ਼ਨਾਨ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਨੇੜੇ ਦੇ ਹੋਟਲ ਮਾਲਕਾਂ ਨੇ ਆਪਣੇ ਹੋਟਲ ਇਸਤਰੀਆਂ ਲਈ ਮੁਫ਼ਤ ਵਿੱਚ ਦੇ ਦਿੱਤੇ ਹਨ। ਹੈ। ਪੰਜਾਬ ਵਿੱਚੋਂ ਬੱਸਾਂ ਦੇ ਮਾਲਕਾਂ ਨੇ ਹਰ ਰੋਜ਼ ਮੁਫ਼ਤ ਬੱਸਾਂ ਜ਼ਿਲ੍ਹਾ ਹੈਡ ਕੁਆਟਰਾਂ ਤੋਂ ਦਿੱਲੀ ਜਾਣ ਅਤੇ ਵਾਪਸ ਲਿਆਉਣ ਲਈ ਦੇ ਦਿੱਤੀਆਂ ਹਨ। ਪੈਟਰੋਲ ਪੰਪਾਂ ਦੇ ਮਾਲਕ ਕਿਸਾਨਾਂ ਦੇ ਟਰੈਕਟਰਾਂ ਵਿੱਚ ਡੀਜ਼ਲ ਮੁਫ਼ਤ ਪਾ ਰਹੇ ਹਨ। ਕੁੱਝ ਲੋਕ ਟਰੈਕਟਰਾਂ ਵਿੱਚ ਮੁਫ਼ਤ ਡੀਜ਼ਲ ਪਾ ਰਹੇ ਹਨ। ਲੋਕਾਂ ਵੱਲੋਂ ਇਨ੍ਹਾਂ ਲੰਗਰਾਂ ਅਤੇ ਹੋਰ ਸੇਵਾਵਾਂ ਦੇਣ ਦਾ ਅਰਥ ਇਹ ਨਿਕਲਦਾ ਹੈ ਕਿ ਸਮੁੱਚਾ ਭਾਰਤ ਅਤੇ ਪਰਵਾਸੀ ਭਾਰਤੀ ਕਿਸਾਨ ਅੰਦੋਲਨ ਦੀ ਖੁੱਲ੍ਹ ਕੇ ਸਪੋਰਟ ਕਰ ਰਹੇ ਹਨ।

ਹੁਣ ਤੱਕ ਕਿਸਾਨਾਂ ਦੀਆਂ ਮੰਤਰੀਆਂ ਨਾਲ ਪੰਜ ਮੀਟਿੰਗਾਂ ਹੋ ਚੁੱਕੀਆਂ ਹਨ ਪ੍ਰੰਤੂ ਮੀਟਿੰਗਾਂ ਵਿੱਚ ਕਿਸਾਨ ਸਰਕਾਰੀ ਚਾਹ ਅਤੇ ਖਾਣਾ ਨਹੀਂ ਖਾ ਰਹੇ। ਉਹ ਆਪਣਾ ਖਾਣਾ ਨਾਲ ਲੈ ਕੇ ਜਾਂਦੇ ਹਨ। ਗੋਦੀ ਮੀਡੀਆ ਸਹੀ ਖ਼ਬਰਾਂ ਨਾ ਦੇਣ ਕਰਕੇ ਬਦਨਾਮੀ ਖੱਟ ਰਿਹਾ ਹੈ। ਇਸ ਅੰਦੋਲਨ ਨੂੰ ਸਮੁੱਚੇ ਸੰਸਾਰ ਵਿੱਚੋਂ ਸਪੋਰਟ ਮਿਲ ਰਹੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਵੀ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਬਿਆਨ ਦਿੱਤਾ ਹੈ। ਇੰਗਲੈਂਡ ਦੇ 36 ਸੰਸਦ ਮੈਂਬਰਾਂ ਨੇ ਤਨਮਨਜੀਤ ਸਿੰਘ ਢੇਸੀ ਦੀ ਅਗਵਾਈ ਵਿੱਚ ਇਸ ਅੰਦੋਲਨ ਦੀ ਹਮਾਇਤ ਕੀਤੀ ਹੈ ਅਤੇ ਇੰਗਲੈਂਡ ਸਰਕਾਰ ਨੂੰ ਭਾਰਤ ਸਰਕਾਰ ਨੂੰ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਤੋਂ ਰੋਕਣ ਲਈ ਪਹੁੰਚ ਕਰਨ ਲਈ ਕਿਹਾ ਹੈ। ਯੂਐਨਓ ਦੇ ਪ੍ਰਤੀਨਿਧ ਨੇ ਵੀ ਕਿਹਾ ਹੈ ਕਿ ਕਿਸਾਨਾਂ ਨੂੰ ਸ਼ਾਂਤਮਈ ਅੰਦੋਲਨ ਕਰਨ ਦਾ ਅਧਿਕਾਰ ਹੈ। ਕਹਿਣ ਤੋਂ ਭਾਵ ਇਹ ਪਹਿਲਾ ਅਜਿਹਾ ਅੰਦੋਲਨ ਹੈ ਲੋਕਾਂ ਵੱਲੋਂ ਇਨ੍ਹਾਂ ਲੰਗਰਾਂ ਅਤੇ ਹੋਰ ਸੇਵਾਵਾਂ ਦੇਣ ਦਾ ਅਰਥ ਇਹ ਨਿਕਲਦਾ ਹੈ ਕਿ ਸਮੁੱਚਾ ਭਾਰਤ ਅਤੇ ਪਰਵਾਸੀ ਭਾਰਤੀ ਕਿਸਾਨ ਅੰਦੋਲਨ ਦੀ ਖੁੱਲ੍ਹ ਕੇ ਸਪੋਰਟ ਕਰ ਰਹੇ ਹਨ। ਕੇਂਦਰ ਸਰਕਾਰ ਦੀ ਟਾਲ ਮਟੋਲ ਦੀ ਨੀਤੀ ਪਿੱਛੇ ਅਹੰਕਾਰ ਦੀ ਪ੍ਰਵਿਰਤੀ ਛੁਪੀ ਹੋਈ ਹੈ। ਪੰਜਾਬ ਦਾ ਤਾਂ ਬੱਚਾ ਬੱਚਾ ਇਸ ਅੰਦੋਲਨ ਨਾਲ ਜੁੜਿਆ ਹੋਇਆ ਪੰਜਾਬ ਦੇ ਸਾਰੇ ਅਖ਼ਬਾਰ ਇਸ ਅੰਦੋਲਨ ਨੂੰ ਪੂਰੀ ਕਵਰੇਜ ਦੇ ਰਹੇ ਹਨ। ਹੁਣ ਦਿੱਲੀ ਦਾ ਮੀਡੀਆ ਵੀ ਹੌਲੀ ਹੌਲੀ ਸਮਰਥਨ ਕਰਨ ਲਈ ਅੱਗੇ ਆ ਰਿਹਾ ਹੈ। ਤੇਲ ਵੇਖੋ ਤੇ ਤੇਲ ਦੀ ਧਾਰ ਵੇਖੋ ਨਤੀਜਾ ਕੀ ਨਿਕਲਦਾ ਹੈ ਪ੍ਰੰਤੂ ਕਿਸਾਨ ਤਿੰਨੋ ਕਾਨੂੰਨਾਂ ਨੂੰ ਰੱਦ ਕਰਨ ਤੋਂ ਪਹਿਲਾਂ ਅੰਦੋਲਨ ਖ਼ਤਮ ਨਹੀਂ ਕਰਨਗੇ। ਇਹ ਪੱਥਰ 'ਤੇ ਲਕੀਰ ਦੀ ਤਰ੍ਹਾਂ ਹੈ।

Place your add - 09 250 4844
kukpunjabi@xtra.co.nz

## ਸਿਹਤਨਾਮਾ

### ਬਿਊਟੀ ਸ਼ਾਰਟਕਟਸ

ਵੈਕਸਿੰਗ ਸਟ੍ਰੈਟਨਿੰਗ, ਉਲਟ-ਪੁਲਟ ਤੇ ਮਿਕਸ ਐਂਡ ਮੈਚ ਦੇ ਇਸ ਦੌਰ ਵਿੱਚ ਸਮੇਂ ਦੀ ਕਿਸਕੇ ਕੋਲ ਹੈ ਘੰਟਿਆਂ ਆਪਣੇ ਸੁੰਦਰ ਨਿਖਾਰ ਵਿੱਚ ਲਗਾਉਣ ਦੇ ਲਈ।

* ਘੰਟਾਭਰ ਫੈਸ਼ੀਅਲ ਵਿੱਚ ਲਗਾਉਣਾ ਨਹੀਂ ਚਾਹੁੰਦੀ ਹੈ, ਤਾਂ ਅਲਟਰਾ ਸਾਫਟ ਫੈਸ ਸਕ੍ਰਬ ਨਾਲ ਚਮੜੀ ਨੂੰ ਐਕਸਫੋਲੀਐਟ ਕਰੋ, ਜਿਸ ਵਿੱਚ ਬਫਿੰਗ ਕਰਨ ਵਾਲੇ ਕਣ ਹੋਣ। ਜੋ ਮਰੀ ਹੋਈ ਚਮੜੀ ਨੂੰ ਸਾਫ ਕਰ ਸਕੇ। ਇਸ ਤੋਂ ਬਾਅਦ ਚੇਹਰੇ ਉਪਰ ਚਮੜੀ ਨੂੰ ਨਮੀ ਦੇਣ ਵਾਲੇ ਮਾਸਕ ਦੀ ਇਕ ਮੋਟੀ ਪਰਤ ਲਗਾਓ ਅਤੇ ੫ ਮਿੰਟ ਤੋਂ ਬਾਅਦ ਪਾਣੀ ਨਾਲ ਧੋਅ ਦਿਓ। ਫਿਰ ਮਾਈਸਚਰਾਈਜ਼ਰ ਲਗਾ ਲਓ।
* ਮੁਹਾਸਿਆਂ ਨੂੰ ਛੁਪਾਉਣ ਦੇ ਲਈ ਸਭ ਤੋਂ ਪਹਿਲੇ ਰੁਈ ਦੇ ਫਾਹੇ ਨਾਲ ਉਸ ਉਪਰ ਟੋਨਰ ਲਗਾਓ, ਜਿਸ ਨਾਲ ਮੁਹਾਸੇ ਦੇ ਉਪਰ ਦਾ ਜ਼ਿਆਦਾਤਰ ਤੇਲ ਸਾਫ ਹੋ ਜਾਏ। ਫਿਰ ਉਪਰੋਂ ਟਿਸ਼ੂ ਵਿੱਚ ਲਪੇਟ ਕੇ ੧ ਮਿੰਟ ਦੇ ਲਈ ਬਰਫ ਲਗਾਓ। ਜ਼ਿਆਦਾ ਦੇਰ ਤੱਕ ਬਰਫ ਨਾ ਲਗਾਓ, ਵਰਨਾ ਚਮੜੀ ਉਪਰ ਲਾਲੀ ਆ ਜਾਏਗੀ। ਹੁਣ ਟਿਸ਼ੂ ਨਾਲ ਚਮੜੀ ਨੂੰ ਸੁਖਾਉਣ ਅਤੇ ਉਪਰੋਂ ਮੁਹਾਸੇ ਉਪਰ ਕੰਸੀਲਰ ਲਗਾ ਲਓ।
* ਨੇਲ ਪਾਲਿਸ਼ ਦੇ ੨ ਬਹੁਤ ਹੀ ਬਾਰੀਕ ਕੋਟ ਲਗਾਓ। ਕਈ ਔਰਤਾਵਾਂ ਜਲਦੀ ਸੁਖਾਉਣ ਦੇ ਚੱਕਰ ਵਿੱਚ ਨੇਲ ਪਾਲਿਸ਼ ਦੀ ਮੋਟੀ ਪਰਤ ਲਗਾ ਲੈਂਦੀਆਂ ਹਨ। ਨੇਲ ਪਾਲਿਸ਼ ਚੰਗੀ ਤਰ੍ਹਾਂ ਲਗਣ, ਇਸ ਦੇ ਲਈ ਉਸ ਦੇ ਬ੍ਰਸ਼ ਨੂੰ ਸ਼ੀਸ਼ੀ ਦੇ ਕਿਨਾਰੇ ਨਾਲ ਪੋਂਛ ਲਓ, ਫਿਰ ਲਗਾਓ।
* ਹੋਟਾਂ ਉਪਰ ਜੈਤੂਨ ਦਾ ਤੇਲ ਅਤੇ ਨਮਕ ਮਿਲਾ ਕੇ ਲਗਾਓ। ਤੇਲ ਬੁੱਲਾਂ ਨੂੰ ਜ਼ਿਆਦਾਤਰ ਨਮੀ ਪ੍ਰਦਾਨ ਕਰਦਾ ਹੈ ਅਤੇ ਨਮਕ ਨਾਲ ਚਮੜੀ ਫੁੱਲਦੀ ਹੈ। ਵਧੀਆ ਪਰੀਣਾਮ ਦੇ ਲਈ ੧ ਚੱਮਚ ਜੈਤੂਨ ਦੇ ਤੇਲ ਵਿੱਚ ਚੁਟਕੀਭਰ ਨਮਕ ਮਿਲਾਓ ਅਤੇ ਮੁਹਾਸਿਆਂ ਉਪਰ ਲਗਾਓ।
* ਚੇਹਰੇ ਦੇ ਮੇਅਕਪ ਵਿੱਚ ਸਭ ਤੋਂ ਪਹਿਲੇ ਮਸਕਾਰਾ ਲਗਾਉਣਾ ਠੀਕ ਰਹਿੰਦਾ ਹੈ। ਮਸਕਾਰਾ ਇਕ ਵਾਰ ਵਿੱਚ ਹੀ ਠੀਕ ਤਰ੍ਹਾਂ ਨਾਲ ਲਗ ਜਾਏ, ਅਜਿਹਾ ਜ਼ਰੂਰੀ ਨਹੀਂ ਹੈ ਅਤੇ ਹੋ ਸਕਦਾ ਹੈ ਕਿ ਉਸ ਨੂੰ ਸਾਫ ਕਰਨਾ ਪਏ। ਅਜਿਹੇ ਵਿੱਚ ਜੇ ਪਹਿਲੇ ਤੋਂ ਮੇਅਕਪ ਕੀਤਾ ਹੋਇਆ ਹੋਵੇਗਾ, ਤਾਂ ਚੇਹਰਾ ਖਰਾਬ ਹੋ ਸਕਦਾ ਹੈ, ਇਸ ਲਈ ਮਸਕਾਰਾ ਮੇਕਅਪ ਕਰਨ ਤੋਂ ਪਹਿਲੇ ਲਗਾਉਣਾ ਠੀਕ ਰਹਿੰਦਾ ਹੈ।
* ਅੱਖਾਂ ਵਿੱਚ ਇੰਸਟੈਂਟ ਸ਼ਾਈਨ ਪਾਉਣ ਦੇ ਲਈ ਉਪਰੀ ਅਤੇ ਨਿਚਲੀ ਬਰੋਨੀਆਂ ਉਪਰ ਕਾਲੇ ਰੰਗ ਦਾ ਆਈ ਲਾਈਨਰ ਲਗਾਓ ਅਤੇ ਰੂਈ ਨਾਲ ਬਲੈਂਡ ਕਰ ਲਓ। ਜੇ ਆਈ ਲਾਈਨਰ ਲਗਾਉਂਦੇ ਵੇਲੇ ਤੁਹਾਡੇ ਹੱਥ ਕੰਪਦੇ ਹਨ, ਤਾਂ ਰੁੱਕ-ਰੁੱਕ ਕੇ ਸ਼ਾਰਟ ਸਟ੍ਰੋਕਸ ਵਿੱਚ ਲਾਈਨਰ ਲਗਾਓ।
* ਵੱਡਾ ਪਾਊਡਰ ਬ੍ਰਸ਼ ਲਓ। ਇਸ ਨੂੰ ਬੇਬੀ ਪਾਊਡਰ ਵਿੱਚ ਪਾ ਕੇ ਥੱਲੇ ਪਾਸੇ ਸਟ੍ਰੋਕ ਦਿੰਦੇ ਹੋਏ ਚੇਹਰੇ ਉਪਰ ਲਗਾਓ। ਅਜਿਹਾ ਕਰਨ ਤੋਂ ਚੇਹਰੇ ਦੇ ਰੋਏ ਥੋੜੇ ਮੁਲਾਇਮ ਨਾਲ ਹੋ ਜਾਂਦੇ ਹਨ। ਜੇ ਰੰਗ ਦਬਾ ਹੋਇਆ ਹੈ, ਤਾਂ ਸਕਿਨ ਟੋਨ ਦੇ ਅਨੁਰੂਪ ਮਿਨਰਲ ਪਾਊਡਰ ਫਾਊਂਡੇਸ਼ਨ ਦਾ ਪ੍ਰਯੋਗ ਕਰੋ।
* ਗੱਲਾਂ ਉਪਰ ਕ੍ਰੀਮੀ ਬਲਸ਼ ਲਗਾਉਣ ਤੋਂ ਬਾਅਦ ਜ਼ਿਆਦਾਤਰ ਬਲਸ਼ ਨੂੰ ਉਂਗਲੀਆਂ ਤੋਂ ਬੁੱਲਾਂ ਤੇ ਪਲਕਿਆਂ ਉਪਰ ਲਗਾ ਲਓ।

### ਕੁੱਝ ਦੇਸੀ ਨੁਸਖੇ

* ਗਾਜਰ ਨੂੰ ਆਪਣੀ ਡਾਈਟ ਵਿੱਚ ਸ਼ਾਮਲ ਕਰੋ। ਇਹ ਤੁਹਾਡੀ ਬੱਾਡੀ ਦੇ ਹਰ ਪਾਰਟ ਦੇ ਲਈ ਚੰਗੀ ਹੈ।
* ਮੈਡੀਟੇਸ਼ਨ ਨੂੰ ਆਪਣੇ ਰੁਟੀਨ ਦਾ ਹਿੱਸਾ ਬਣਾਓ। ਇਹ ਤੁਹਾਨੂੰ ਮਾਨਸਿਕ ਤੌਰ 'ਤੇ ਮਜ਼ਬੂਰ ਕਰੇਗਾ।
* ਹਫਤੇ ਵਿੱਚ ਇਕ ਦਿਨ ਉਪਵਾਸ ਕਰੋ। ਇਸ ਨਾਲ ਤੁਹਾਡੇ ਡਾਈਜੇਸਟਿਵ ਸਿਸਟਮ ਨੂੰ ਆਰਾਮ ਮਿਲੇਗਾ ਅਤੇ ਬਾਕੀ ਦਿਨ ਖਾਣਾ ਚੰਗੀ ਤਰ੍ਹਾਂ ਪਚੇਗਾ। ਜ਼ਿਆਦਾ ਚਾਹ, ਕਾਫੀ ਅਤੇ ਸੱਾਫਟ ਡ੍ਰਿੰਕਸ ਪੀਣ ਦੀ ਆਦਤ ਨਾ ਪਾਓ।
* ਦਿਨ ਵਿੱਚ ਥੋੜੀ ਦੇਰ ਸ਼ਰੀਰ ਨੂੰ ਧੁੱਪ ਜ਼ਰੂਰ ਲੱਗਣ ਦਿਓ। ਇਸ ਨਾਲ ਸ਼ਰੀਰ ਦੀ ਵਿਟਾਮਿਨ ਡੀ ਦੀ ਜ਼ਰੂਰਤ ਬਹੁਤ ਹੱਦ ਤੱਕ ਪੂਰੀ ਹੋ ਜਾਂਦੀ ਹੈ।
* ਵਿਟਾਮਿਨ ਸੀ ਨਾਲ ਭਰਪੂਰ ਡਾਈਟ ਲਓ। ਇਹ ਤੁਹਾਡੀ ਚਮੜੀ ਦੇ ਲਈ ਚੰਗਾ ਹੋਣ ਦੇ ਨਾਲ, ਬੱਾਡੀ ਵਿੱਚ ਆਇਰਨ ਨੂੰ ਪਚਾਣ ਵਿੱਚ ਮਦਦ ਕਰਦਾ ਹੈ।

## ਖਾਣਾ ਖਜ਼ਾਨਾਂ

### ਪਨੀਰ ਮੰਚੂਰੀਅਨ



**ਸਮੱਗਰੀ -** 400 ਗ੍ਰਾਮ ਪਨੀਰ, 1 ਕੱਪ ਮੱਕੀ ਦਾ ਆਟਾ, 1 ਕੱਪ ਮੈਦਾ, 6 ਟੀ ਸਪੂਨ ਅੰਡੇ ਦੀ ਸਫ਼ੇਦੀ, 2 ਟੀ ਸਪੂਨ ਅਜੀਨੋਮੋਟੋ, 9-10 ਲਸਣ ਦੀਆਂ ਥੂਰੀਆਂ, 10 ਹਰੀਆਂ ਮਿਰਚਾਂ, 6-8 ਟੀ ਸਪੂਨ ਅਦਰਕ-ਲਸਣ ਦਾ ਪੇਸਟ, 6 ਟੀ ਸਪੂਨ ਸੋਯਾ ਸੱਾਸ, ਥੋੜ੍ਹਾ ਹਰਾ ਧਨੀਆ ਕੱਟਿਆਂ ਹੋਇਆ, 4 ਕੱਪ ਪਾਣੀ, 4 ਸਪ੍ਰਿੰਗ ਅੱਨੀਅਨ ਬਾਰੀਕ ਕੱਟੇ ਹੋਏ, ਤੇਲ ਜ਼ਰੂਰਤ ਮੁਤਾਬਿਕ, ਨਮਕ ਸਵਾਦ ਮੁਤਾਬਿਕ।

**ਵਿਧੀ -** ਪਨੀਰ ਨੂੰ ਚਕੋਰ ਟੁਕੜਿਆਂ ਵਿਚ ਕੱਟ ਲਓ। ਪਨੀਰ ਦੇ ਟੁਕੜਿਆਂ ਉੱਪਰ ਨਮਕ, 4 ਟੀ ਸਪੂਨ ਅਦਰਕ-ਲਸਣ ਦਾ ਪੇਸਟ ਲਗਾ ਕੇ 10-15 ਮਿੰਟ ਦੇ ਲਈ ਰੱਖ ਦਿਓ। ਇਕ ਕੋਲੇ ਵਿੱਚ ਮੱਕੀ ਦਾ ਆਟਾ, ਮੈਦਾ, ਅੰਡੇ ਦੀ ਸਫ਼ੇਦੀ, ਬਚਿਆ ਹੋਇਆ ਅਦਰਕ-ਲਸਣ ਦਾ ਪੇਸਟ, ਨਮਕ ਅਤੇ ਪਾਣੀ ਪਾ ਕੇ ਸੰਘਣਾ ਘੋਲ ਤਿਆਰ ਕਰ ਲਓ। ਪਨੀਰ ਦੇ ਟੁਕੜਿਆਂ ਨੂੰ ਇਸ ਘੋਲ ਵਿੱਚ ਡੁੱਬੋ ਕੇ ਗਰਮ ਕੀਤੇ ਹੋਏ ਤੇਲ ਵਿੱਚ ਤਲੋ। ਇਕ ਦੂਜੇ ਪੈਨ ਵਿੱਚ ਥੋੜ੍ਹਾ ਤੇਲ ਗਰਮ ਕਰ ਕੇ ਉਸ ਵਿੱਚ ਬਾਰੀਕ ਕੱਟਿਆ ਹੋਇਆ ਲਸਣ ਫ੍ਰਾਈ ਕਰ ਕੇ ਇਸ ਦੇ ਨਾਲ ਹੀ ਹਰਾ ਧਨੀਆ, ਹਰੀ ਮਿਰਚ ਵੀ ਪਾ ਦਿਓ। ਹੁਣ ਸੋਯਾ ਸੱਾਸ, ਸਪ੍ਰਿੰਗ ਅੱਾਨਿਅਨ, ਫ੍ਰਾਈਡ ਪਨੀਰ ਅਤੇ 4 ਕੱਪ ਪਾਣੀ ਪਾ ਕੇ ਮੱਠੀ ਅੱਗ ਉੱਪਰ ਪੱਕਣ ਦਿਓ। ਹੁਣ ਅੱਧਾ ਕੱਪ ਪਾਣੀ ਵਿੱਚ 6 ਟੀ ਸਪੂਨ ਮੈਦਾ ਪਾ ਕੇ ਘੋਲ ਲਓ, ਇਸ ਘੋਲ ਨੂੰ ਵੀ ਪਕਾਉਂਦੇ ਹੋਏ ਪਨੀਰ ਵਿੱਚ ਪਾ ਦਿਓ ਜਦੋਂ ਘੋਲ ਸੰਘਣਾ ਹੋਣ ਲੱਗੇ ਤਾਂ ਇਸ ਵਿੱਚ ਨਮਕ ਅਜੀਨੋਮੋਟੋ, ਹਰਾ ਧਨੀਆ ਪਾ ਕੇ ਚੰਗੀ ਤਰ੍ਹਾਂ ਮਿਲਾਓ ਤੁਹਾਡਾ ਪਨੀਰ ਮੰਚੂਰੀਅਨ ਤਿਆਰ ਹੈ, ਇਸ ਨੂੰ ਹਰੇ ਧਨੀਏ ਅਤੇ ਅਦਰਕ ਨਾਲ ਸਜਾ ਕੇ ਗਰਮਾ-ਗਰਮ ਤੰਦੂਰੀ ਰੋਟੀ ਜਾਂ ਚਾਵਲਾਂ ਨਾਲ ਖਾਣ ਨੂੰ ਦਿਓ।

### ਮਿਰਚ ਦਾ ਆਚਾਰ



ਸਮੱਗਰੀ - 2 ਕੱਪ ਹਰੀਆਂ ਵੱਡੀਆਂ ਕੱਟੀਆਂ ਮਿਰਚਾਂ, 1/4 ਕੱਪ ਮੋਟੀ ਪਿਸੀ ਰਾਈ, 1/4 ਕੱਪ ਸੌਂਫ ਦੇ ਬੀਜ, 1/2 ਟੀ ਸਪੂਨ ਹਲਦੀ ਪਾਊਡਰ, 1/2 ਸਪੂਨ ਲਾਲ ਮਿਰਚ ਪਾਊਡਰ, 4 ਟੇਬਲ ਸਪੂਨ ਨਿੰਬੂ ਦਾ ਰਸ, 1/4 ਕੱਪ ਨਮਕ।

ਵਿਧੀ - ਸੌਂਫ ਦੇ ਬੀਜ ਨੂੰ ਭੁੰਨ ਲਓ। ਹੁਣ ਇਨ੍ਹਾਂ ਨੂੰ ਮੋਟੇ ਪਾਊਡਰ ਦੀ ਸ਼ਕਲ ਵਿੱਚ ਕੱਟ ਲਓ। ਸਾਰੀ ਸਮੱਗਰੀ ਨੂੰ ਖ਼ੂਬ ਚੰਗੀ ਤਰ੍ਹਾਂ ਮਿਲਾ ਲਓ ਅਤੇ ਸਾਫ਼ ਭਾਂਡੇ ਵਿੱਚ ਭਰ ਲਓ। ਅਚਾਰ ਖਾਣ ਦੇ ਲਈ ਤਿਆਰ ਹੈ ਪਰ ਜੇ ਤੁਸੀਂ ਚਾਹੋ ਤਾਂ ਇਸ ਨੂੰ 3-4 ਦਿਨਾਂ ਧੁੱਪ ਵਿੱਚ ਰੱਖ ਸਕਦੇ ਹੋ ਤਾਂਕਿ ਸਾਰੇ ਸਵਾਦ ਆਪਸ ਵਿੱਚ ਘੁਲ-ਮਿਲ ਜਾਣ ਅਤੇ ਇਸ ਦਾ ਤਿੱਖਾਪਣ ਕੁੱਝ ਘੱਟ ਹੋ ਜਾਏ। ਫ੍ਰਿਜ ਵਿੱਚ ਰੱਖਣ ਨਾਲ ਇਹ ਲਗਭਗ 3 ਮਹੀਨੇ ਤੱਕ ਅਰਾਮ ਨਾਲ ਚੱਲ ਜਾਏਗਾ।

Universal Homeopathic (NZ) Ltd.
415 Great South Road, Papatoetoe, Auckland.
Ph. 09-278 1106, Mob: 021 125 6356, E-mail: drpreet@xtra.co.nz
Contact for Treatment of:
✔ ਕਿਲ ਮੁਹਾਸੇ ✔ ਦਮਾ ✔ ਡਿਪਰੈਸ਼ਨ
✔ ਸ਼ੂਗਰ ✔ ਪਿੱਤੇ ਦੀਆਂ ਪੱਥਰੀਆਂ ✔ ਗੱਠੀਆ
✔ ਵਾਲਾਂ ਦਾ ਝੜਨਾ ✔ ਨਾਮਰਦੀ ✔ ਖਾਣਾ ਨਾ ਪੱਚਣਾ
✔ ਮਾਈਗਰੇਨ ✔ ਗੁਰਦੇ ਅਤੇ ਮਹਿਦੇ ਦੀਆਂ ਬਿਮਾਰੀਆਂ
✔ ਔਰਤਾਂ ਦੀਆਂ ਮਾਹਵਾਰੀ ਅਤੇ ਬੱਚਿਆਂ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਪੁਰਾਣੀਆਂ ਬਿਮਾਰੀਆਂ।
All Homeopathic Medicines are Available in Store
Opening Hours:
9.00 am till 7.00 pm (Mon to Sat)
ਅਸੀਂ ਦਵਾਈਆਂ ਖੁਦ Import ਅਤੇ Worldwide Export ਕਰਦੇ ਹਾਂ।
ਤੁਸੀਂ Online Consultation ਵੀ ਲੈ ਸਕਦੇ ਹੋ।
ਤੁਸੀਂ ਸਾਡੇ ਕੋਲੋਂ ਦਵਾਈਆਂ ਓਵਰਨਾਈਟ ਕੋਰੀਅਰ ਰਾਹੀਂ ਵੀ ਮੰਗਵਾ ਸਕਦੇ ਹੋ।


Exective Member of council of Homoepathy of NZ, Member of Homeopathic Society of NZ
Natural Health for all
website : www.naturallyhealth.co.nz

# ........ ਰਿਸ਼ਤਿਆਂ ਦੇ ਬੂਟੇ ........

ਰੂਪ ਨੂੰ ਪਹਿਲੀ ਵਾਰ, ਮੈਂ ਇੱਕ ਵਿਆਹ ਵਿੱਚ ਦੇਖਿਆ ਸੀ ਤੇ ਬੱਸ ਪਹਿਲੀ ਨਜ਼ਰ ਵਿੱਚ ਹੀ ਉਹ ਨੂੰ ਆਪਣਾ ਮੰਨ ਲਿਆ ਸੀ। ਮੇਰੀ ਮਾਸੀ ਦੀ ਕੁੜੀ ਦਾ ਵਿਆਹ ਸੀ ਅਤੇ ਰੂਪ ਮਾਸੜ ਜੀ ਦੇ ਇੱਕ ਖ਼ਾਸ ਮਿੱਤਰ ਦੀ ਧੀ। ਉਹ ਸਰੋਂ-ਫੁੱਲਾ ਸੂਟ ਨਾਲ ਹਰੀ ਤਿੱਲ੍ਹੇ ਦੀ ਕਢਾਈ ਵਾਲੀ ਚੁੰਨੀ ਲੈ ਕੇ ਨੱਚਦੀ, ਮੈਨੂੰ ਪਰੀ-ਲੋਕ ਦੀ ਕੋਈ ਪਰੀ ਹੀ ਲੱਗੀ ਤੇ ਉਹ ਦੀ ਮੁਸਕਰਾਹਟ ਨੇ ਤਾਂ ਮੇਰੀ ਰੂਹ ਵੀ ਨਸ਼ਿਆ ਦਿੱਤੀ ਸੀ। ਬੱਸ ਉਸ ਨੂੰ ਦੇਖ ਕੇ ਯਕੀਨ ਹੋ ਗਿਆ ਸੀ ਕਿ ਰੱਬ ਸੱਚੀ ਕੁੱਝ ਮੂਰਤਾਂ ਪੂਰੀ ਰੀਝ ਲਾ ਕੇ ਬਣਾਉਂਦਾ।

ਅਗਲੇ ਦਿਨ ਵੀ ਉਹ ਨੇ ਰਾਣੀ ਰੰਗ ਦੇ ਫੈਸ਼ਨੇਬਲ ਸੂਟ ਦੇ ਨਾਲ ਉੱਚੀ ਅੱਡੀ ਦੇ ਸੁਨਿਹਰੇ ਸੈਂਡਲ ਪਾਏ ਹੋਏ ਸੀ। ਉਹ ਦੇ ਲੰਮੇ ਪਰ ਤਰਤੀਬ ਨਾਲ ਕੱਟੇ ਵਾਲ, ਉਹ ਦੇ ਮੋਢਿਆਂ ਉੱਪਰ ਬੇਲਗਾਮ ਘੋੜਿਆਂ ਵਾਂਗ ਘੁੰਮ ਰਹੇ ਸੀ। ਮੇਰੀਆਂ ਨਜਰਾਂ ਨੂੰ ਤਾਂ ਬਾਕੀ ਸਭ ਕੁੱਝ ਬੇਮਾਇਨਾ ਜਿਹਾ ਹੀ ਲੱਗ ਰਿਹਾ ਸੀ। ਮੰਮੀ ਨੇ ਸ਼ਾਇਦ ਮੇਰੀਆਂ ਨਜ਼ਰਾਂ ਨੂੰ ਭਾਂਪ ਲਿਆ ਸੀ ਅਤੇ ਉੱਥੇ ਹੀ ਸਾਡੇ ਰਿਸ਼ਤੇ ਦੀ ਗੱਲ ਚੱਲ ਪਈ। ਸਰਕਾਰੀ ਨੌਕਰੀ 'ਤੇ ਲੱਗਾ, ਚੰਗੀ ਜ਼ਮੀਨ ਜਾਇਦਾਦ ਵਾਲਾ ਮੁੰਡਾ ਅਤੇ ਉਹ ਵੀ ਰਸੂਖ ਵਾਲੇ ਮਾਪਿਆਂ ਦੀ ਧੀ, ਉੱਤੋਂ ਐੱਮ. ਕਾਮ ਕਰਕੇ ਪ੍ਰਾਈਵੇਟ ਕਾਲਜ ਵਿੱਚ ਨੌਕਰੀ ਵੀ ਕਰਦੀ ਸੀ। ਦੋਹਾਂ ਧਿਰਾਂ ਨੂੰ ਰਿਸ਼ਤਾ ਝੱਟ ਪਸੰਦ ਆ ਗਿਆ ਅਤੇ ਦਿਨਾਂ ਵਿੱਚ ਹੀ ਉਹ ਚੰਦ ਦੀ ਚਾਦਨੀ ਵਰਗੀ ਆਵਦੇ ਦੁੱਧੀਆ ਚਾਨਣ ਨਾਲ ਸਾਡਾ ਵਿਹੜਾ ਰੁਸ਼ਨਾਉਣ ਆ ਗਈ।

ਜ਼ਿੰਦਗੀ ਸੋਹਣੀ ਸੋਹਣੀ ਲੱਗ ਰਹੀ ਸੀ। ਉਹ ਬਣ-ਫੱਬ ਕੇ ਜਦੋਂ ਵਿਹੜੇ ਵਿੱਚ ਪੈਲਾਂ ਪਉਂਦੀ ਤਾਂ ਦਿਲ ਨੂੰ ਸਕੂਨ ਜਿਹਾ ਆ ਜਾਂਦਾ। ਅਸੀਂ ਦੋਵਾਂ ਨੇ ਮਹੀਨੇ ਦੀ ਛੁੱਟੀ ਲੈ ਰੱਖੀ ਸੀ ਪਰ ਰੂਪ ਦਾ ਕਾਲਜ ਇੱਥੋ ਦੂਰ ਪੈਂਦਾਂ ਹੋਣ ਕਰਕੇ ਉਹ ਨੇ ਉੱਥੋਂ ਨੌਕਰੀ ਛੱਡ ਦਿੱਤੀ, ਸੋਚਿਆ ਕਿ ਇੱਥੇ ਨੇੜੇ ਕਰ ਲਵੇਗੀ। ਮੈਂ ਆਵਦੇ ਕੰਮ 'ਤੇ ਜਾਣ ਲੱਗਾ ਤਾਂ ਕੁੱਝ ਦਿਨਾਂ ਬਾਅਦ ਮਾਂ ਨੇ ਕਿਹਾ ਕਿ ਰੂਪ ਹੁਣ ਘਰ ਮੇਰੇ ਕੋਲ ਹੀ ਰਿਹਾ ਕਰੇ, ਨਾਲੇ ਤਾਂ ਮੇਰਾ ਜੀਅ ਲੱਗਾ ਰਹੂ ਨਾਲੇ ਆਪਣੇ ਖਾਨਦਾਨ ਵਿੱਚ ਵਹੁਟੀਆਂ ਕਿੱਥੇ ਨੌਕਰੀ ਕਰਦੀਆਂ ਤੇ ਮਾਂ ਦੀ ਗੱਲ ਮੈਨੂੰ ਸੋਲਾਂ ਆਣੇ ਸੱਚ ਜਾਪੀ, ਤੇ ਨਾਲੇ ਪ੍ਰਾਈਵੇਟ ਨੌਕਰੀਆਂ ਵਾਲੇ ਦਿੰਦੇ ਵੀ ਕੀ ਹਨ! ਮੈਂ ਸੋਚਿਆ ਕਿ ਆਪੇ ਘਰੇ ਰਾਣੀ ਬਣ ਕੇ ਰਹੇ। ਉਹ ਦੀ ਚੁੱਪ ਸਾਨੂੰ ਸਵੀਕਰਤੀ ਲੱਗੀ।

ਮੇਰੀ ਡੈਡੀ ਨੂੰ ਨੂੰਹਾਂ-ਧੀਆਂ ਦੇ ਖੁੱਲੇ ਵਾਲ ਘੱਟ ਹੀ ਪਸੰਦ ਹਨ ਤੇ ਹੁਣ ਉਹ ਆਵਦੇ ਬੇਲਾਗ ਘੋੜਿਆਂ ਨੂੰ ਲਗਾਮ ਵੀ ਪਉਣ ਲੱਗ ਪਈ ਸੀ। ਕੰਮ-ਕਾਰ ਤਾਂ ਕਰਦੀ ਪਰ ਉਹ ਜਾਦੂਈ ਮੁਸਕਰਾਹਟ ਪਤਾ ਨਹੀਂ ਕਿੱਥੇ ਚਲੀ ਗਈ ਸੀ। ਇੱਕ ਦਿਨ ਮੈਂ ਸ਼ਾਮ ਨੂੰ ਘਰ ਆਇਆ ਤਾਂ ਉਹ ਆਵਦੇ ਵਾਲਾਂ ਦਾ ਜੂੜਾ ਕਰੀ ਫਿਰਦੀ ਸੀ ਤੇ ਮੈਨੂੰ ਲੱਗਾ ਜਿਵੇਂ ਬੇਲਗਾਮ ਘੋੜਿਆਂ ਨੂੰ ਉਹ ਨੇ ਨੂੜ ਕੇ ਬੰਨ੍ਹ ਦਿੱਤਾ ਹੈ। ਮੈਨੂੰ ਲੱਗਣ ਲੱਗ ਪਿਆ ਕਿ ਜਿਵੇਂ ਮੇਰਾ ਪਿਆਰ ਫਿੱਕਾ ਪੈਣ ਲੱਗ ਪਿਆ ਹੈ, ਹੁਣ ਮੈਨੂੰ ਉਹ ਨਾ ਤਾਂ ਸੋਹਣੀ ਲੱਗਦੀ ਤੇ ਨਾ ਹੀ ਚੰਗੀ।

ਦੂਰੀ ਜਿਹੀ ਆ ਗਈ ਸੀ ਸਾਡੇ ਦਰਮਿਆਨ। ਮੈਨੂੰ ਲੱਗਣ ਲੱਗ ਪਿਆ ਸੀ ਕਿ ਮੈਂ ਬਹੁਤ ਕਾਹਲ ਵਿੱਚ ਫ਼ੈਸਲਾ ਲੈ ਲਿਆ, ਇਹ ਕੁੜੀ ਤਾਂ ਮੇਰੇ ਸੁਪਨਿਆਂ ਦੀ ਕੁੜੀ ਵਰਗੀ ਹੈ ਹੀ ਨਹੀਂ। ਬਹੁਤ ਪਰੇਸ਼ਾਨ ਰਹਿਣ ਲੱਗ ਪਿਆ ਸੀ ਮੈਂ, ਜ਼ਿੰਦਗੀ ਵਿੱਚ ਕੋਈ ਰਸ ਹੀ ਨਹੀਂ ਰਿਹਾ ਸੀ। ਦੂਸਰੇ ਸਾਰੇ ਜੋੜੇ ਮੈਨੂੰ ਬਹੁਤ ਖ਼ੁਸ਼ ਲੱਗਦੇ ਅਤੇ ਇੱਕ ਦਿਨ ਮੈਂ ਆਵਦੀ ਮਨੋਸਥਿਤੀ ਆਵਦੇ ਇੱਕ ਦੋਸਤ ਨਾਲ ਸਾਂਝੀ ਕੀਤੀ। ਉਹ ਉਮਰ ਵਿੱਚ ਵੀ ਮੇਰੇ ਤੋਂ ਵੱਡਾ ਹੈ ਅਤੇ ਵਿਆਹ ਨੂੰ ਵੀ ਦੱਸ ਸਾਲ ਹੋ ਗਏ ਹਨ।



ਛੁੱਟੀ ਹੋਣ ਤੋਂ ਬਾਅਦ, ਉਹ ਮੈਨੂੰ ਆਪਣੇ ਘਰ ਲੈ ਗਿਆ। ਉਹ ਦੀ ਖ਼ੁਸ਼ਮਿਜਾਜ ਪਤਨੀ ਨੇ ਹੱਸ ਕੇ ਸਾਡਾ ਸਵਾਗਤ ਕੀਤਾ। ਭਾਬੀ ਉਸ ਦਿਨ ਵੀ ਹਮੇਸਾਂ ਦੀ ਤਰ੍ਹਾਂ ਬਹੁਤ ਸੋਹਣੀ ਅਤੇ ਖ਼ੁਸ਼ ਲੱਗ ਰਹੀ ਸੀ।

ਇਹ ਦੇਖ ਕੇ ਮੈਨੂੰ ਰੂਪ 'ਤੇ ਹੋਰ ਵੀ ਗੁੱਸਾ ਆਇਆ ਕਿ ਉਹ ਕਿਉਂ ਨਹੀਂ ਖ਼ੁਸ਼ ਰਹਿ ਸਕਦੀ। ਆਖਰ ਵਿੱਚ ਮੈਂ ਗੁੱਸੇ ਵਿੱਚ ਆਵਦੇ ਦੋਸਤ ਨੂੰ ਕਿਹਾ ਕਿ ਆਖਰ ਰੂਪ, ਭਾਬੀ ਵਾਂਗ ਕਿਉਂ ਨਹੀਂ ਰਹਿ ਸਕਦੀ? ਮੈਨੂੰ ਲੱਗਦਾ ਕਿ ਮੈਂ ਗ਼ਲਤ ਕੁੜੀ ਨਾਲ ਵਿਆਹ ਕਰਾ ਕੇ ਆਵਦੀ ਜ਼ਿੰਦਗੀ ਖਰਾਬ ਕਰ ਲਈ ਹੈ।

ਮੇਰੀਆਂ ਗੱਲਾਂ ਨੂੰ ਚੁੱਪਚਾਪ ਸੁਣੀ ਜਾ ਰਿਹਾ ਮੇਰਾ ਦੋਸਤ ਆਖਰ ਮੇਰੇ ਮੋਢੇ 'ਤੇ ਹੱਥ ਰੱਖ ਬੋਲਿਆ ਕਿ, "ਮਿੱਤਰਾਂ ਅਸੀਂ ਇਨਸਾਨ ਵੀ ਪੇੜ-ਪੌਦਿਆਂ ਵਰਗੇ ਹੀ ਹੁੰਦੇ ਹਾਂ, ਜਿਵੇਂ ਕਿਸੇ ਪੌਦੇ ਨੂੰ ਅਸੀਂ ਨਰਸਰੀ ਵਿੱਚੋਂ ਲਿਆ ਕੇ ਨਵੀਂ ਮਿੱਟੀ ਵਿੱਚ ਲਾਉਂਦੇ ਹਾਂ ਤਾਂ ਉਹ ਕੁੱਝ ਦਿਨ ਲਈ ਮੁਰਝਾ ਜਾਂਦਾ ਪਰ ਫੇਰ ਉਹ ਨੂੰ ਚੰਗਾ ਖਾਦ-ਪਾਣੀ ਦੇ ਕੇ ਅਸੀਂ ਉਸ ਨੂੰ ਹਰਿਆ-ਭਰਿਆ ਕਰਦੇ ਹਾਂ ਪਰ ਜੇਕਰ ਅਸੀਂ ਉਹ ਦੀ ਮਿੱਟੀ, ਪਾਣੀ, ਆਬੋ-ਹਵਾ, ਇੱਥੋਂ ਤੱਕ ਕਿ ਰੂਹ ਦੀ ਖ਼ੁਰਾਕ ਵੀ ਬਦਲ ਕੇ, ਪੌਦੇ ਤੋਂ ਫੁੱਲਾਂ ਦੀ ਆਸ ਰੱਖੀਏ ਜਾਂ ਮਾਲੀ ਅਤੇ ਪੌਦੇ ਨੂੰ ਦੋਸ਼ ਦੇਈਏ ਤਾਂ ਇਹ ਸਰਾਸਰ ਸਾਡੀ ਹੀ ਬੇਵਕੂਫੀ ਹੈ।"

ਉਹ ਦੀਆਂ ਗੱਲਾਂ ਨੇ ਮੇਰੀਆਂ ਅੱਖਾਂ ਤੋਂ ਜਿਵੇਂ ਪੱਟੀ ਲਾਹ ਦਿੱਤੀ ਸੀ। ਸਭ ਸਮਝ ਆ ਗਿਆ ਸੀ। ਉਹ ਦਾ ਧੰਨਵਾਦ ਕਰਕੇ ਅਜੇ ਮੈਂ ਤੁਰਨ ਹੀ ਲੱਗਾ ਸੀ ਕਿ ਉਹ ਨੇ ਇੱਕ ਅਖ਼ਬਾਰ ਦਾ ਪੰਨਾਂ ਮੇਰੇ ਅੱਗੇ ਕਰ ਦਿੱਤਾ ਜਿਸ ਵਿੱਚ ਇਸ਼ਤਿਹਾਰ ਸੀ ਕਿ ਸ਼ਹਿਰ ਵਿੱਚ ਨਵੇਂ ਖੁੱਲੇ ਬਿਜਨੈਸ ਕਾਲਜ ਵਿੱਚ ਅਧਿਅਪਕਾ ਦੀ ਲੋੜ। ਮੈਂ ਕਾਹਲੀ ਨਾਲ ਘਰ ਪਹੁੰਚਿਆ ਅਤੇ ਰੂਪ ਨੂੰ ਆਵਾਜ਼ ਦਿੱਤੀ ਕਿ ਕੱਲ ਤਿਆਰ ਰਹੇ, ਆਪਾਂ ਕੱਲ੍ਹ ਤੇਰੀ ਨੌਕਰੀ ਲਈ ਫਾਰਮ ਭਰਨ ਜਾਣਾ। ਉਹ ਹੈਰਾਨ ਹੋ ਕੇ ਮੇਰੇ ਵੱਲ ਦੇਖ ਰਹੀ ਸੀ।

"ਤੇ ਹਾਂ ਸੱਚ ਜਲਦੀ ਤਿਆਰ ਹੋ ਜਾਵੀ, ਪਹਿਲਾਂ ਆਂਪਾ ਪਾਰਲਰ ਵੀ ਜਾਣਾ"। ਮੇਰੀ ਗੱਲ ਸੁਣ ਉਹ ਦੇ ਚਿਹਰੇ 'ਤੇ ਮੁਸਕਰਾਹਟ ਸੀ, ਉਹੀ ਰੂਹ ਨੂੰ ਨਸ਼ਿਆਉਣ ਵਾਲੀ ਮੁਸਕਰਾਹਟ।

ਲੇਖਕਾ - ਹਰਪ੍ਰੀਤ ਬਰਾੜ ਸਿੱਧੂ
E-mail: brar8harpreet@yahoo.com

# ਚਲੋ ਕੁੱਝ ਸੁਣੀਏ

-ਜਨਮੇਜਾ ਸਿੰਘ ਜੌਹਲ, E-mail : janmeja@gmail.com





ਗੀਤ ਸੰਗੀਤ ਪੰਜਾਬੀਆ ਦੀ ਰੂਹ ਦੀ ਖ਼ੁਰਾਕ ਹੈ। ਜਨਮ ਤੋਂ ਲੈ ਕੇ ਮਰਨ ਤੱਕ ਹਰ ਮੌਕੇ 'ਤੇ ਗੀਤ ਹਨ। ਪੰਜਾਬੀਆ ਦੇ ਤਾਂ ਧਰਮ ਵੀ ਸੰਗੀਤ ਵਿੱਚ ਪਰੋਏ ਹੋਏ ਹਨ।

ਹਰ ਉਮਰ ਦੇ ਗੀਤ ਅੱਲਗ ਅੱਲਗ ਹਨ। ਇੱਥੋਂ ਤੱਕ ਕੇ ਸਾਜ਼ ਵੀ ਉਮਰ ਦੀਆਂ ਸੁਰਾਂ ਅਨੁਸਾਰ ਹਨ। ਬਚਪਨ, ਜਵਾਨੀ, ਅਧਖੜ ਤੇ ਬੁਢਾਪੇ ਦਾ ਸੰਗੀਤ ਤੇ ਸ਼ਬਦ ਵਿਲੱਖਣ ਰੰਗ ਬਿਖੇਰ ਦੇ ਹਨ। ਕੁੱਲ 51 ਸਾਜ਼ ਇਹ ਕਾਰਜ ਨਿਭਾਉਂਦੇ ਹਨ। ਪਰ ਪਤਾ ਨਹੀਂ ਕਿਹੋ ਜਿਹੀ ਵਾਅ ਚੱਲੀ ਹੈ ਕਿ ਅੱਜ ਸਿਰਫ਼ ਤੇ ਸਿਰਫ਼ ਰੁਮਾਂਸਵਾਦ ਹੀ ਭਾਰੂ ਹੋ ਗਿਆ ਹੈ।

ਸ਼ੋਰ ਨਾਲ ਪੈਰ ਹੀ ਥਿੜਕਦੇ ਹਨ, ਦਿਲ ਦਾ ਕੋਈ ਲੈਣਾ ਦੇਣਾ ਨਹੀਂ ਰਹਿ ਗਿਆ। ਬਚਪਨ, ਅਧਖੜ ਤੇ ਬੁਢਾਪੇ ਦਾ ਸੰਗੀਤ ਅਲੋਪ ਹੋ ਗਿਆ ਹੈ।

ਢੋਲ ਦੇ ਸ਼ੋਰ ਵਿੱਚ ਸਾਰੰਗੀ ਤੇ ਹੋਰ ਕਈ ਕੁੱਝ ਗੁਆਚ ਗਿਆ, ਹੋਰ ਤਾਂ ਹੋਰ ਢੋਲ ਦਾ ਪੁੜਾ ਵੀ ਖੱਲ ਦੀ ਥਾਂ ਟੀਨ ਦਾ ਹੋ ਗਿਆ ਹੈ। ਉੱਤੋਂ ਖੁੰਬਾਂ ਵਾਂਗ ਉੱਗੇ ਗਾਇਕਾਂ 'ਚੋਂ ਟਾਂਵੇਂ ਟਾਂਵੇਂ ਨੂੰ ਹੀ ਕੋਈ ਸਾਜ਼ ਵਜਾਉਣਾ ਆਉਂਦਾ ਹੋਵੇਗਾ।

ਇਸ ਸ਼ੋਰ ਦੀ ਦੌੜ ਵਿੱਚ, ਬੋਹੜਾਂ ਥੱਲੇ ਅਖਾੜੇ ਲਾਉਣ ਦੀ ਕਿਸੇ ਕੋਲ ਹਿੰਮਤ ਹੀ ਕਿੱਥੇ ਹੈ? ਹੋ ਸਕਦਾ ਇਸ ਸਭ ਕਾਸੇ ਤੋਂ ਅੱਕੇ ਹੋਏ ਲੋਕ, ਪਿੰਡਾਂ ਵਿੱਚ ਮੁੜ ਗੌਣ ਮੰਡਲੀਆਂ ਪੈਦਾ ਕਰ ਲੈਣ।

WORLD COUNCIL OF SIKH AFFAIRS
ਵਰਲਡ ਕਾਉਂਸਲ ਔਫ ਸਿੱਖ ਅਫੇਅਰਜ਼
ਸਿੱਖਾਂ ਦੀ ਅੰਤਰਰਾਸ਼ਟਰੀ ਨੁਮਾਇੰਦਾ ਸੰਸਥਾ
ਆਓ ਇਕ-ਦੂਜੇ ਨਾਲ ਰਲ-ਮਿਲ ਕੇ ਆਪਣੀ ਕੌਮ ਦਾ ਭਵਿੱਖ ਆਪਣੇ ਹੱਥੀਂ ਸਵਾਰੀਏ।
ਮੈਂਬਰਸ਼ਿਪ ਹੁਣ ਖੁਲ੍ਹੀ ਹੈ!
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: info@wcsa.org.nz

# Moon Village: ਤੁਸੀਂ ਵੇਖੋ ਕਿਵੇਂ ਦਾ ਹੋਵੇਗਾ ਚੰਨ ਉਤੇ ਬਣਿਆ ਮਨੁੱਖੀ ਘਰ



ਕਿਸੇ ਜ਼ਮਾਨੇ ਵਿੱਚ ਚੰਨ ਉੱਤੇ ਦੁਨੀਆ ਵਸਾਉਣ ਦੇ ਵਾਅਦੇ ਕੀਤੇ ਜਾਂਦੇ ਸਨ ਅਤੇ ਆਉਣ ਵਾਲੇ ਸਾਲਾਂ ਵਿੱਚ ਇਹ ਹਕੀਕਤ ਹੋ ਸਕਦੀ ਹੈ, ਘੱਟ ਤੋਂ ਘੱਟ ਯੂਰੋਪੀ ਸਪੇਸ ਏਜੰਸੀ ਦੇ ਇੱਕ ਮਾਹਿਰ ਦਾ ਤਾਂ ਇਹੀ ਦਾਅਵਾ ਹੈ। ਹਾਲ ਹੀ ਵਿੱਚ Moon Village ਯਾਨੀ ਚੰਨ ਦੇ ਪਿੰਡ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਆਉਣ ਵਾਲੇ 10 ਸਾਲ ਵਿੱਚ ਇਸ ਦਾ ਕੰਮ ਸ਼ੁਰੂ ਹੋ ਸਕਦਾ ਹੈ। ESA ਐਡਵਾਈਜ਼ਰ ਏਡੇਨ ਕਾਉਲੀ ਦਾ ਕਹਿਣਾ ਹੈ ਕਿ ਉੱਥੇ ਵਸੇ ਢਾਂਚਿਆਂ ਲਈ ਚੰਨ ਦੀ ਮਿੱਟੀ ਦਾ ਇਸਤੇਮਾਲ ਵੀ ਕੀਤਾ ਜਾ ਸਕਦਾ ਹੈ ਜੋ ਉਨ੍ਹਾਂ ਨੂੰ - 190 ਡਿਗਰੀ ਸੈਲਸੀਅਸ ਦੇ ਤਾਪਮਾਨ ਅਤੇ ਰੇਡੀਏਸ਼ਨ ਤੋਂ ਬਚਾਉਣ ਦੇ ਕੰਮ ਆ ਸਕਦੀ ਹੈ।

**ਕਿਵੇਂ ਦਿਖਣਗੇ ਇਹ ਘਰ ?**



ਚਾਰ ਤਲੇ ਦੀ ਸਿਲੰਡਰ ਦੇ ਸਰੂਪ ਦੀਆਂ ਇਮਾਰਤਾਂ ਦੀਆਂ ਤਸਵੀਰਾਂ ਵਿੱਚ ਹੇਠਲੇ ਖੇਤਰ ਨੂੰ ਸਟੱਡੀ ਏਰੀਆ ਅਤੇ ਮੰਗਲ ਉੱਤੇ ਮਿਸ਼ਨ ਭੇਜਣ ਲਈ ਲਾਂਚਪੈਡ ਦੇ ਤੌਰ 'ਤੇ ਇਸਤੇਮਾਲ ਕੀਤਾ ਜਾ ਸਕੇਗਾ। ESA ਦੇ ਡਾਇਰੈਕਟਰ ਜਨਰਲ ਜੈਨ ਵਾਰਨਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮਕਸਦ ਚੰਨ ਉੱਤੇ ਸਥਾਈ ਬੇਸ ਬਣਾਉਣ ਦਾ ਹੈ ਜਿਸ ਦਾ ਇਸਤੇਮਾਲ ਦੁਨੀਆ ਦੇ ਦੂਜੇ ਦੇਸ਼ ਵੀ ਕਰ ਸਕਣਗੇ। ਕਾਉਲੀ ਦਾ ਕਹਿਣਾ ਹੈ ਕਿ ਹੁਣ ਸਵਾਲ ਇਹ ਨਹੀਂ ਹੈ ਕਿ ਕੀ ਅਜਿਹਾ ਹੋ ਪਾਵੇਗਾ, ਸਗੋਂ ਇਹ ਹੈ ਕਿ ਅਜਿਹਾ ਕਦੋਂ ਹੋਵੇਗਾ।

**ਕਿਵੇਂ ਬਣਨਗੇ ਇਹ ਘਰ ?**

ਕਾਉਲੀ ਨੇ ਕਿਹਾ ਹੈ ਕਿ ਅਜਿਹਾ ਕਰਨਾ ਹੋਵੇਗਾ ਕਿਉਂਕਿ ਜੇਕਰ ਅਸੀਂ ਚੰਨ, ਮੰਗਲ ਜਾਂ ਉਸ ਤੋਂ ਅੱਗੇ ਕਿਸੇ ਜਗ੍ਹਾ ਨੂੰ ਐਕਸਪਲੋਰ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਇਸ ਟੇਕਨਾਲੋਜੀ ਨੂੰ ਮਾਸਟਰ ਕਰਨਾ ਹੋਵੇਗਾ। ਉਹ ਚੰਨ ਦੀ ਮਿੱਟੀ ਦਾ ਇਸਤੇਮਾਲ ਇੱਕ ਮੀਟਰ ਚੌੜੀ ਦੀਵਾਰ ਬਣਾਉਣ ਲਈ ਕਰਨਾ ਚਾਹੁੰਦੇ ਹਨ, ਜਿਸ ਦੇ ਅੰਦਰ ਐਸਟਰੋਨਾਟ ਰਹਿਣਗੇ। ਚੰਨ ਦੀ ਇਹ ਮਿੱਟੀ ਰੋਬੋਟ ਇਕੱਠਾ ਕਰਨਗੇ ਅਤੇ ਇਸ ਵਿੱਚ ਕੱਚ ਵਰਗੇ ਪਾਰਟੀਕਲ ਹੁੰਦੇ ਹਨ। 3D ਪ੍ਰਿੰਟਰ ਤੋਂ ਇਨ੍ਹਾਂ ਨੂੰ ਇੱਟਾਂ ਵਿੱਚ ਬਦਲਿਆ ਜਾਵੇਗਾ ਜਿਨ੍ਹਾਂ ਨੂੰ ਸੂਰਜ ਵਿੱਚ ਸੁੱਕਣ ਲਈ ਰੱਖਿਆ ਜਾਵੇਗਾ।

**NASA ਦੀ ਟੀਮ ਵਿੱਚ ਸ਼ਾਮਿਲ ਰਾਜਾਚਾਰੀ**



ਉੱਥੇ ਹੀ ਅਮਰੀਕਾ ਦੀ ਸਪੇਸ ਏਜੰਸੀ NASA ਸਾਲ 2024 ਤੱਕ ਇੱਕ ਔਰਤ ਅਤੇ ਇੱਕ ਪੁਰਸ਼ ਐਸਟਰੋਨਾਟ ਨੂੰ ਚੰਨ ਉੱਤੇ ਭੇਜਣ ਦੀ ਤਿਆਰੀ ਵਿੱਚ ਹੈ। ਇਸ Artemis ਮਿਸ਼ਨ ਦੇ ਨਾਲ ਚੰਨ ਉੱਤੇ ਜਾਣ ਵਾਲੇ ਦੂਜੇ ਮਿਸ਼ਨਸ ਲਈ ਏਜੰਸੀ ਨੇ 18 ਐਸਟਰੋਨਾਟਸ ਦੇ ਨਾਮ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚੋਂ ਇੱਕ ਭਾਰਤੀ ਮੂਲ ਦੇ ਰਾਜਾਚਾਰੀ ਵੀ ਹਨ ਜਿਨ੍ਹਾਂ ਦੇ ਪਿਤਾ ਹੈਦਰਾਬਾਦ ਤੋਂ ਅਮਰੀਕਾ ਵਿੱਚ ਜਾ ਕੇ ਵੱਸ ਗਏ ਸਨ। ਇਸ ਟੀਮ ਵਿੱਚ ਦੂਜੇ ਦੇਸ਼ਾਂ ਦੇ ਐਸਟਰੋਨਾਟ ਵੀ ਸ਼ਾਮਿਲ ਕੀਤੇ ਜਾਣਗੇ।

Place Your Ad
09 2504844, 021 028 30967

STUDY AND WORK IN HORTICULTURE PRODUCTION
PUKEKOHE and TAURANGA
NEW ZEALAND CERTIFICATE IN HORTICULTURE PRODUCTION Level 4
NEW ZEALAND DIPLOMA IN HORTICULTURE PRODUCTION Level 5
• NZQA approved and accredited courses
• English requirement IELTS 5.5 or equivalent
• Industry-driven, outcome-based programme
• Offered on commercial site with hands-on training
• Highly qualified and experienced teachers
JOB OPPORTUNITIES
• Included in Immediate Skills Shortage List of Immigration NZ
• Thousands of skilled staff required by 2025
• Very high success rate of job placement
• Almost all our students working in relevant jobs
To build your bright future in this booming industry, Please contact:
Dr.Raj Saini at 027 278 2789 Office 09 236 37 38
JOBS ARE WAITING FOR TRAINED STUDENTS
FRANKLIN AGRITECH
FRANKLIN INSTITUTE OF AGRI-TECHNOLOGY
FRANKLIN INSTITUTE OF AGRI-TECHNOLOGY
760, Glenbrook Road, RD4, Pukekohe 2679, AKL
Email: enquiry@fiat.ac.nz | Web: www.fiat.ac.nz
Part of the Rupex Group operating successfully in NZ since 1998
RUPEX "we grow together"

# Classifieds


Special Freight Deals
& Door to Door Services Available

DIVINE LOGISTICS

ਜੇਕਰ ਤੁਸੀਂ ਓਵਰਸੀਜ਼ ਜਾ ਰਹੇ ਹੋ ਤਾਂ ਵਧੇਰੇ ਸਮਾਨ, ਕੰਟੇਨਰ ਲੋਡ ਲਿਆਉਣ ਅਤੇ ਭੇਜਣ ਆਦਿ ਦੀ ਸਮੱਸਿਆਂ ਵਾਜਬ ਰੇਟਾਂ ਤੇ ਸੁਲਝਾਉਣ ਲਈ ਸਾਨੂੰ ਸੰਪਰਕ ਕਰੋ।

ਇੰਡੀਆ ਵਾਸਤੇ ਸਪੈਸ਼ਲ ਡੀਲ ਉਪਲੱਬਧ ਹੈ ਅਤੇ ਅਸੀਂ ਘਰ ਸਮਾਨ ਪਹੁੰਚਾਉਣ ਦੀ ਸਰਵਿਸ ਵੀ ਦਿੰਦੇ ਹਾਂ।

- Freight Forwarders
- Air Cargo/Sea Freight
- Custom Clearance
- Excess Baggage
- Moving Overseas

Contact : Sunny/Sonia
Divine Logistics Ltd.
Unit-3, 61 Crooks Road, East Tamaki, AKL
Ph: 09-263 7439, Fax: 09-273 5014
Mob: 021 0249 4202
info@divinelogistics.co.nz
www.divinelogistics.co.nz

For All Your Export / Import Needs



## House For Rent

2 Bedroom House Available For Rent.
In A Secure And Safe Area: Wattle Downs.
In Zone For Decile 9 Reremoana school, Close To All Amenities.
Rent: $450.00 Per Week.
Call Baljit On 021 0887 5004 For More Details.



## Matrimonial

**Looking For Indian Girl**

Handsome Boy - Age : 37
Build: Smart Height 5'10" , Colour : white
Status : NZ Citizen, Well Educated
Family : Hindu Punjabi Khatri And Settled In Auckland
Language : Punjabi
Job : Own Business (4) Self Employed
House : Own House
Looking Beautiful, Indian Girl ! Age/Caste No Bar, Early/Simple Marrige
**Contact** : Pioneere@yahoo.com



Place your add - 09 250 4844
kukpunjabi@xtra.co.nz


# ਜਵਾਈ/ਫੁੱਫੜ/ਫੁੱਫਾ



ਕੱਲ੍ਹ ਪਰਸੋਂ ਟ੍ਰਿਬਿਊਨ ਦਾ ਐਡੀਟੋਰੀਅਲ ਪੜ੍ਹ ਰਿਹਾ ਸੀ ਤਾਂ ਉਸੇ ਪੇਜ ’ਤੇ ਬੜਾ ਹੀ ਦਿਲਚਸਪ ਵਿਸ਼ਾ ਪੜ੍ਹਨ ਨੂੰ ਮਿਲਿਆ। ਜਿਸ ਵਿੱਚ ਲੇਖਕ ਵੱਲੋਂ ਜਵਾਈ/ਫੁੱਫੜ/ਫੁੱਫਾ ਦੀ ਪਰਿਭਾਸ਼ਾ ਬੜੀ ਹੀ ਵਿਅੰਗਮਈ ਅਤੇ ਹਾਸੋਹੀਣੀ ਪੇਸ਼ ਕੀਤੀ ਸੀ।

ਜਵਾਈ ਦਾ ਅਰਥ ਹੈ, “ਜੰਮ-ਜੰਮ ਆਈ” ਭਾਵ ਉਹ ਕਿਸੇ ਵੇਲੇ ਵੀ ਸਹੁਰਿਆਂ ਦੇ ਘਰ ਪਧਾਰ ਸਕਦਾ ਹੈ। ਉਸ ਦਾ ਸਹੁਰੇ ਘਰ ਬੜਾ ਵੱਡਾ ਰੁਤਬਾ ਹੈ।

ਅਸੀਂ ਛੋਟੇ ਹੁੰਦੇ ਸੀ ਤਾਂ ਸਾਡੇ ਦੋ ਫੁੱਫੜ ਜੀ ਅਤੇ ਭੂਆ ਜੀ ਆਉਂਦੇ ਹੁੰਦੇ ਸਨ। ਪਿਤਾ ਜੀ ਐਮਐਲਏ ਸਨ। ਉਨ੍ਹਾਂ ਦੀ ਬਹੁਤ ਖ਼ਾਤਰਦਾਰੀ ਹੁੰਦੀ ਸੀ। ਮੇਰਾ ਦਾਦਾ ਜੀ ਮੇਰੇ ਪਿਤਾ ਅਤੇ ਭਰਾ ਨੂੰ ਕਹਿੰਦੇ ਹੁੰਦਾ ਸੀ, “ਮੁੰਡਿਓ, ਥੋਡਾ ਫੁੱਫੜ ਆਇਆ ਕੋਈ ਇੱਲਤ ਫਿੱਲਤ ਕਰ ਲਵੋ”। ਉਨ੍ਹਾਂ ਦੇ ਕਹਿਣ ਦਾ ਭਾਵ ਉਹ ਝੱਟ ਸਮਝ ਜਾਂਦੇ ਸਨ, ਸਾਡੇ ਸਮਝ ਨਹੀਂ ਆਉਂਦਾ ਸੀ। ਉਹ ਉਸੇ ਵੇਲੇ ਦਾਰੂ ਅਤੇ ਕੁੱਕੜ ਦਾ ਪ੍ਰਬੰਧ ਕਰ ਦਿੰਦੇ ਅਤੇ ਬੜੇ ਵਧੀਆ ਪਕਵਾਨ ਖਾਣ ਨੂੰ ਮਿਲਦੇ। ਫੁੱਫੜ ਵੀ ਸਾਡੇ ਮਨੋਰੰਜਨ ਲਈ ਵਧੀਆ ਤੋਂ ਵਧੀਆ ਚੁਟਕਲੇ, ਕਹਾਣੀਆਂ ਸੁਣਾਉਂਦੇ ਅਤੇ ਸਾਡਾ ਦਿਲ ਲੱਗਿਆ ਰਹਿੰਦਾ ਅਤੇ ਅਸੀਂ ਕਿੰਨੇ ਕਿੰਨੇ ਦਿਨ ਉਨ੍ਹਾਂ ਨੂੰ ਵਾਪਸ ਜਾਣ ਨਾ ਦਿੰਦੇ। ਹੌਲੀ ਹੌਲੀ ਉਹ ਬੁੱਢੇ ਹੋ ਗਏ ਅਤੇ ਆਉਣ ਘੱਟ ਗਿਆ।

ਉਸ ਤੋਂ ਬਾਅਦ ਸਾਡੀਆਂ ਦੋ ਭੈਣਾਂ ਦੇ ਵਿਆਹ ਹੋ ਗਏ ਅਤੇ ਜੀਜੇ ਆਉਣੇ ਸ਼ੁਰੂ ਹੋ ਗਏ। ਮੇਰੇ ਭਤੀਜੇ ਉਨ੍ਹਾਂ ਨੂੰ ਫੁੱਫੜ ਕਹਿੰਦੇ। ਉਹ ਛੋਟੇ ਛੋਟੇ ਹੁੰਦੇ ਸਨ ਅਤੇ ਉਨ੍ਹਾਂ ਨਾਲ ਦੋ ਆਦਮੀ ਉਨ੍ਹਾਂ ਦੇ ਦੋਸਤ ਵੀ ਆਏ ਸਨ। ਛੋਟੇ ਭਤੀਜੇ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ “ਅੱਜ ਤਿੰਨ ਫੁੱਫੜ ਆਏ ਹਨ, ਵੱਡੇ ਭਤੀਜੇ ਨੇ ਕਿਹਾ, ਸਾਲਿਆ ਲੰਗੜੇ ਵੀ ਕਿਤੇ ਫੁੱਫੜ ਹੁੰਦੇ ਹਨ? ਉਨ੍ਹਾਂ ਤਿੰਨਾਂ ਵਿੱਚੋਂ ਇੱਕ ਲੱਤ ਤੋਂ ਲੰਗੜਾ ਸੀ। “ਦੂਜੇ ਨੇ ਜਵਾਬ ਦਿੱਤਾ, ਇਹ ਤਾਂ ਬਾਬੇ ਨੇ ਬਾਬੇ, ਦੂਸਰਾ ਕਹਿੰਦਾ ਨਹੀਂ”। “ਆਪਣਾ ਤਾਂ ਇੱਕ ਹੀ ਫੁੱਫੜ ਹੈ”। ਚੱਲੋ, “ਕੋਈ ਹੋਏ ਆਪਣੇ ਲਈ ਤਾਂ ਬਰਫ਼ੀ ਤੇ ਅੰਬ ਲਿਆਏ ਹਨ”।

ਘਰ ਵਿੱਚ ਉਹੀ ਇਨਸਾਨ ਪਹਿਲਾਂ ਜਵਾਈ ਹੁੰਦਾ ਹੈ, ਫਿਰ ਫੁੱਫੜ ਜਾਂ ਫੁੱਫਾ ਅਗਲੀ ਪੀੜ੍ਹੀ ਲਈ ਬਣ ਜਾਂਦਾ ਹੈ। ਇਸੇ ਬਾਰੇ “ਫੁੱਫਾ” ਦੀ ਪਰਿਭਾਸ਼ਾ ਬਾਰੇ ਵੀ ਲੇਖਕ ਨੇ ਦੱਸਿਆ ਨੇ ਜੋ ਜ਼ਿਆਦਾ “ਫੂੰ ਫਾਂ” ਕਰੇ ਉਸ ਨੂੰ “ਫੁੱਫਾ” ਕਹਿੰਦੇ ਹਨ।

ਸੁਖਚਰਨ ਸਿੰਘ ‘ਸਾਹੋਕੇ’ ਐਡਵੋਕੇਟ
E-mail : sssahoke@gmail.com

# ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ



ਲੇਖਕਾ - ਬਲਜਿੰਦਰ ਕੌਰ ਸ਼ੇਰਗਿੱਲ, ਫ਼ੇਜ਼-11, 1323/26 (ਮੁਹਾਲੀ), ਪੰਜਾਬ
E-mail: baljinderk57@gmail.com

ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ
ਤਿੰਨ ਕਾਲੇ ਕਾਨੂੰਨ ਪਾਸ ਕਰਵਾ ਕੇ
ਕਿਸਾਨਾਂ ’ਤੇ ਕਹਿਰ ਕਮਾ ਲਏ
ਆਪਣੇ ਫ਼ਾਇਦਿਆਂ ਖ਼ਾਤਰ ਨੀ ਤੂੰ
ਕਾਰਪੋਰੇਟ ਘਰਾਣਿਆਂ ਨਾਲ ਹੱਥ ਮਿਲਾ ਲਏ
ਮਿਹਨਤੀ ਲੁੱਟਣੀ ਏਂ
ਤੇਰੇ ਖ਼ਿਲਾਫ਼ ਅੱਜ ਲੱਗਦੇ ਤਾਂਹੀਓਂ ਨਾਰੇ
ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ

ਵਿੱਚ ਠੰਢ ਤੇ ਪਾਣੀ ਦੀਆਂ ਬੁਛਾਰਾਂ
ਤੂੰ ਆਪਣੇ ਕਲੇਜੇ ਠਾਰੇ
ਵਾਹ ਨੀ ਤੇਰੇ ਵੱਡੀਏ ਸਿਆਣੀਏਂ
ਕੀ ਇਹ ਕਰਦੀ ਇਹ ਪੁੱਠੇ ਕਾਰੇ
ਸੜਕਾਂ ’ਤੇ ਟੋਏ ਪੁਟਵਾ
ਅੱਥਰੂ ਗੈਸ ਦੇ ਗੋਲੇ ਬਰਸਾਏ
ਲਾਠੀਆਂ ਵਰਸਾਵਣ ਵਾਲਿਆਂ ਨੂੰ
ਲੰਗਰ ਵਰਤਾਉਣ ਵਿਚਾਰੇ
ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ

ਬੁੱਢਿਆਂ ’ਤੇ ਲਾਠੀ ਚਾਰਜ ਕਰਵਾ
ਤੈਨੂੰ ਰਤਾ ਤਰਸ ਨਾ ਆਇਆ
ਨੌਂ ਬਾਰਡਰਾਂ ਟੱਪ ਕਿਸਾਨਾਂ
ਆ ਕੇ ਤੈਨੂੰ ਘੇਰਾ ਪਾਇਆ
ਲੱਖਾਂ ਮੁਸੀਬਤਾਂ ਝੱਲ ਕੇ ਵੀ ਇਹ
ਪਹੁੰਚਿਆ ਤੇਰੇ ਦਰਬਾਰੇ
ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ

ਪੁਲੀਸ ਵਾਲੇ ਸਭ ਤੇਰੇ ਚਮਚੇ
ਵਿੱਚ ਰਾਹਾਂ ਦੇ ਆਏ
ਹੱਕ ਮੰਗਣ ਵਾਲਿਆਂ ਲਈ ਨੀ ਤੂੰ
ਆਰਜ਼ੀ ਜੇਲ੍ਹ ਬਣਾਏ
ਪੰਜਾਬੀ ਸ਼ੇਰਾਂ ਤੇਰੇ ਜ਼ੁਲਮ ਅੱਗੇ ਵੀ
ਹੌਸਲੇ ਫੇਰ ਨਾ ਹਾਰੇ
ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ

ਵਾਰ ਵਾਰ ਤੂੰ ਮੀਟਿੰਗਾਂ ਰੱਖ
ਕਿਸਾਨਾਂ ਤਾਈ ਭੁਲੇਖੇ ਭਾਵੇਂ
ਇਨ੍ਹਾਂ ਤੇਰੀ ਚਾਲ ਸਮਝ ਲਈ
ਫੇਰ ਵੀ ਅੜੀਅਲ ਰੁਖ਼ ਅਪਣਾਵੇ
ਸੜਕਾਂ ’ਤੇ ਹੱਕ ਮੰਗਣ ਲਈ ਬੈਠ ਗਏ
ਛੱਡ ਕੇ ਘਰ ਮਹਿਲ ਚੁਬਾਰੇ
ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ

ਤੇਰੀ ਇਸ ਚਤੁਰ ਚਲਾਕੀ ਨੇ
ਭਾਰਤ ਤੱਕ ਬੰਦ ਕਰਵਾਏ
ਦੇਸ਼ ਵਿਦੇਸ਼ਾਂ ਵਿੱਚ ਸਭ ਰਲ ਕੇ
ਸ਼ਾਂਤਮਈ ਅਸਾਂ ਧਰਨੇ ਲਾਏ
ਕਰਦੇ ਪਏ ਸਭ ਪਿੱਟ ਸਿਆਪਾ
ਤੇਰਾ ਰਲ ਮਿਲ ਕੇ ਸਾਰੇ
ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ

ਬੱਚਾ ਬੱਚਾ ਜਾਗ ਗਿਆ ਏ
ਸਮਝ ਗਏ ਇਹ ਤੇਰੀ ਚਾਲ
ਸਰਕਾਰ ਹੁੰਦੀ ਹੈ ਜਨਤਾ ਖ਼ਾਤਿਰ
ਤੂੰ ਪੁੱਛਦੀ ਕਾਰਪੋਰੇਟਾਂ ਦਾ ਹਾਲ
ਤੇਰੇ ਇਹ ਚਮਚੇ ਮਿਹਨਤ ਲੁੱਟ ਕੇ
ਲੁੱਟਦੇ ਨੇ ਖ਼ੂਬ ਨਜ਼ਾਰੇ
ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ
ਕੇਂਦਰ ਦੀਏ ਸਰਕਾਰੇ ਦਿੱਲੀ ਦੀਏ ਸਰਕਾਰੇ

# ਪੰਜਾਬ ਦੇ ਜੰਮਿਆ ਨੂੰ ਨਿੱਤ ਮੁਹਿੰਮਾਂ



ਲੇਖਕਾ - ਹਰਕੀਰਤ ਕੌਰ ਸਭਰਾ, ਮੋਬਾਈਲ : +91 97791 18066

ਇਹ ਕੋਈ ਨਵੀ ਗੱਲ ਨਹੀਂ ਕਿ ਪੰਜਾਬ ਤੇ ਪੰਜਾਬੀਆਂ ਨੂੰ ਚਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੋਵੇ। ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਦੇ ਹਿੱਸੇ ਮੁੱਢ ਕਦੀਮੀ ਤੋਂ ਮੁਹਿੰਮਾਂ ਹੀ ਆਈਆਂ ਹਨ। ਏਵੇਂ ਨਹੀਂ ਪੂਰੀ ਦੁਨੀਆ ਪੰਜਾਬੀਆਂ ਦੀ ਅਣਖ ਅਤੇ ਸਾਹਸ ਦਾ ਲੋਹਾ ਮੰਨਦੀ। ਪਰ ਹੈਰਾਨਗੀ ਇਸ ਗੱਲ ਦੀ ਹੈ ਕਿ ਜਦ ਵੀ ਪੰਜਾਬ ਉੱਤੇ ਭੀੜ ਬਣੀ ਹੈ, ਉਸ ਦਾ ਕਾਰਣ ਸਮੇਂ ਦੀਆਂ ਸਰਕਾਰਾਂ ਦੀਆਂ ਦੋਗਲੀਆਂ ਨੀਤੀਆਂ ਰਹੀਆਂ ਹਨ। ਪੰਜਾਬੀਆਂ ਨਾਲ ਵਧੀਕੀਆਂ ਦਾ ਸਿਲਸਿਲਾ ਕੋਈ ਨਵਾਂ ਨਹੀਂ, ਬਲਕਿ ਬਹੁਤ ਪੁਰਾਣਾ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਐਮਰਜੈਂਸੀ ਦੇ ਦੌਰ ਤੋਂ ਬਾਅਦ ਸਿੱਖਾਂ ਨੂੰ ਸਬਕ ਸਿਖਾਉਣ ਲਈ ਭਜਨ ਲਾਲ ਸਰਕਾਰ ਨੇ ਇਹ ਨੀਤੀ ਬਣਾਈ ਸੀ ਕਿ ਹੋਣ ਵਾਲੀਆਂ ਏਸ਼ੀਅਨ ਗੇਮਜ਼ ਵਿੱਚ ਪੰਜਾਬੀਆਂ ਨੂੰ ਸ਼ਾਮਿਲ ਨਹੀਂ ਹੋਣ ਦਿੱਤਾ ਜਾਵੇਗਾ। ਇਸੇ ਨੀਤੀ ਤਹਿਤ ਹਰਿਆਣੇ ਰਾਹੀਂ ਦਿੱਲੀ ਪਹੁੰਚ ਰਹੇ ਪੰਜਾਬੀਆਂ ਨੂੰ ਬਹੁਤ ਜ਼ਲਾਲਤ ਦਾ ਸਾਹਮਣਾ ਕਰਨਾ ਪਿਆ ਸੀ। ਬਿਲਕੁਲ ਮੌਜੂਦਾ ਸਮੇਂ ਦੀ ਤਰ੍ਹਾਂ ਹਰਿਆਣੇ ਤੋਂ ਦਿੱਲੀ ਜਾਣ ਵਾਲਾ ਜੀ.ਟੀ. ਰੋਡ ਬੰਦ ਕਰ ਦਿੱਤਾ ਗਿਆ, ਨਿੱਕੀਆਂ ਮੋਟੀਆਂ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਸਨ। ਉਸ ਸਮੇਂ ਜਸਟਿਸ ਆਰ. ਐਸ. ਸੋਢੀ ਜੀ ਨੇ ਹਰਿਆਣਾ ਸਰਕਾਰ ਵਿਰੁੱਧ ਇੱਕ ਪਟੀਸ਼ਨ ਦਾਇਰ ਕੀਤੀ ਕਿ ਇਹ ਜੋ ਹਾਈਵੇ ਹਨ ਇਹ ਪੂਰੇ ਰਾਸ਼ਟਰ ਲਈ ਹਨ, ਇਹ ਕਿਸੇ ਇੱਕ ਸਟੇਟ ਦੀ ਮਲਕੀਅਤ ਨਹੀਂ ਹਨ। ਭਜਨ ਲਾਲ ਵੱਲੋਂ ਇਹ ਵੀ ਹੁਕਮ ਦਿੱਤਾ ਗਿਆ ਕਿ ਪੰਜਾਬੀਆਂ ਨੂੰ ਜੀ.ਟੀ. ਰੋਡ ’ਤੇ ਹੀ ਰੋਕ ਲਿਆ ਜਾਵੇ, ਕਹਿੰਦੇ ਨੇ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ, ਬਿਲਕੁਲ ਉਸ ਸਮੇਂ ਦੀ ਤਰ੍ਹਾਂ ਅੱਜ ਭਾਵੇਂ ਮਸਲੇ ਅਲੱਗ ਹਨ ਪਰ ਪੰਜਾਬੀਆਂ ਨਾਲ ਵਿਤਕਰੇ ਦੀ ਭਾਵਨਾ, ਈਰਖਾ ਬਾਜ਼ੀ ਦੀ ਭਾਵਨਾ ਹੂਬਹੂ ਪੁਰਾਣੀ ਹੈ। ਖ਼ੈਰ ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਹਰਿਆਣਾ ਜਾਂ ਦਿੱਲੀ ਸਰਕਾਰ ਏਨੀ ਬੇਸਮਝ ਹੈ ਕਿ ਉਸ ਨੂੰ ਨੈਸ਼ਨਲ ਹਾਈਵੇ ਦੀ ਵਰਤੋਂ ਦਾ ਨਹੀਂ ਪਤਾ! ਕਿਸੇ ਕੋਲ ਇਸ ਗੱਲ ਦਾ ਜਵਾਬ ਹੈ ਕਿ ਹਰਿਆਣਾ ਸਰਕਾਰ ਨੇ ਹਾਈਵੇ ਤਾਂ ਬੰਦ ਕੀਤਾ, ਪਰ ਕਿਸ ਕਾਨੂੰਨ ਤਹਿਤ ਕੀਤਾ? ਸਾਡੇ ਸੰਵਿਧਾਨ ਦੇ ਕਿਸ ਪੰਨੇ ਉੱਪਰ ਲਿਖਿਆ ਹੈ ਕਿ ਕੋਈ ਸਰਕਾਰ ਰਾਸ਼ਟਰੀ ਸੜਕਾਂ ਉੱਪਰ ਬੈਰੀਗੇਡ ਲਗਾ ਕੇ, ਚੰਗੀਆਂ, ਭਲੀਆਂ ਪੱਕੀਆਂ ਸੜਕਾਂ ਵਿੱਚ ਟੋਏ ਪੁੱਟ ਕੇ ਕਿਸੇ ਨੂੰ ਦੂਸਰੇ ਰਾਜ ਵਿੱਚ ਜਾਣ ਤੋਂ ਰੋਕਿਆ ਜਾਵੇ। ਪਰ ਜਿਵੇਂ ਸਿਆਣੇ ਕਹਿੰਦੇ ਹਨ ਕਿ ਜੋ ਦੂਸਰਿਆਂ ਲਈ ਟੋਏ ਪੁੱਟਦੇ ਹਨ, ਆਪ ਮੁਹਾਰੇ ਮੂਧੇ ਮੂੰਹ ਵਿੱਚ ਡਿੱਗਦੇ ਹਨ। ਬਿਲਕੁਲ ਏਸੇ ਤਰ੍ਹਾਂ ਦੇਸ਼ ਵਿੱਚ ਅਣਸੁਖਾਵੇਂ ਹਾਲਾਤ ਪੈਦਾ ਕਰਨ ਵਾਲਿਆਂ ਦਾ ਵੀ ਹਾਲ ਇਸੇ ਤਰ੍ਹਾਂ ਹੀ ਹੋਵੇਗਾ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਸਰਕਾਰ ਨੂੰ ਆਪਣੇ ਵੱਲੋਂ ਕੀਤੀ ਇਸ ਭੁੱਲ ਦਾ ਖ਼ਮਿਆਜ਼ਾ ਭਵਿੱਖ ਵਿੱਚ ਭੁਗਤਣਾ ਪਵੇਗਾ।



ਇੱਕ ਪਾਸੇ ਤਾਂ ਮਨੋਹਰ ਲਾਲ ਖੱਟਰ ਅਤੇ ਇਨ੍ਹਾਂ ਦੇ ਰਾਜਨੀਤਕ ਭਾਈਬੰਦ ਕਿਸਾਨਾਂ ਨੂੰ ਸੋਸ਼ਲ ਡਿਸਟੈਂਸ ਬਣਾ ਕੇ ਰੱਖਣ ਲਈ ਆਪਣੇ ਚੇਲੇ (ਗੋਦੀ) ਮੀਡੀਆ ਰਾਹੀਂ ਸੁਨੇਹੇ ਦੇ ਰਹੇ ਹਨ, ਦੂਸਰੇ ਪਾਸੇ ਗੁਜਰਾਤ ਵਿੱਚ ਮਿਊਂਸੀਪਲ ਚੋਣਾ ਦੇ ਪ੍ਰਚਾਰ ਵਿੱਚ ਰੈਲੀਆਂ ਕੱਢੀਆਂ ਜਾ ਰਹੀਆਂ ਹਨ। ਜੋ ਕਿਸਾਨਾਂ ਪ੍ਰਤੀ ਸੌੜੀ ਸੋਚ ਦਾ ਸਿੱਧਾ ਨਮੂਨਾ ਪੇਸ਼ ਕਰਦਾ ਹੈ।

ਕਿਸਾਨੀ ਸੰਘਰਸ਼ ਦੀ ਗੱਲ ਕਰੀਏ ਤਾਂ ਜਿਵੇਂ-ਜਿਵੇਂ ਖ਼ਬਰਾਂ, ਰਿਪੋਰਟਾਂ ਦੇਖ ਰਹੇ ਹਾਂ, ਹਰ ਪੰਜਾਬੀ ਦਾ ਜੋਸ਼ ਸਿਖਰ ਉੱਪਰ ਹੈ, ਜੋਸ਼ ਉਬਾਲੇ ਖਾ ਰਿਹਾ ਹੈ। ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਕਿਤੇ ਵੀ ਪੰਜਾਬੀ ਬੈਠਾ ਹੋਇਆ ਹੈ ਤਾਂ ਉਸ ਦੀ ਟਿਕਟਿਕੀ ਲੱਗੀ ਹੋਈ ਹੈ ਕਿ ਸਾਡੇ ਕਿਸਾਨ ਭੈਣਾਂ, ਵੀਰ ਕੀ ਕਰ ਰਹੇ ਹਨ? ਕਾਫ਼ਲੇ ਕਿੱਥੋਂ ਕਿੱਥੇ ਪਹੁੰਚੇ ਹਨ? ਦਿੱਲੀ ਵਾਲਿਆਂ ਦਾ ਕੀ ਹਾਲ ਹੋ ਰਿਹਾ ਹੈ ਅਤੇ ਪੂਰੇ ਭਾਰਤ ਦੇ ਕਿਸਾਨ ਮਿਲ ਕੇ ਕਿਹੜਾ ਨਵਾਂ ਹੰਭਲਾ ਮਾਰ ਰਹੇ ਹਨ? ਅਸਲ ਵਿੱਚ ਇਸ ਨੂੰ ਹੀ ਕਹਿੰਦੇ ਹਨ, ਮਿੱਟੀ ਦੀ ਸਾਂਝ, ਖ਼ੂਨ ਦਾ ਰਿਸ਼ਤਾ। ਇਸ ਗੱਲ ਦਾ ਦੁੱਖ ਜ਼ਰੂਰ ਹੈ ਕਿ ਸਾਡੇ ਬਹੁਤ ਸਾਰੇ ਬਜ਼ੁਰਗਾਂ, ਜਵਾਨਾਂ ਨੂੰ ਆਪਣੀ ਮਿੱਟੀ ਲਈ ਸਰੀਰ ਤੇ ਜ਼ਖਮ ਸਹਿਣੇ ਪੈ ਰਹੇ ਹਨ। ਪਰ ਖ਼ੁਸ਼ੀ ਇਸ ਗੱਲ ਦੀ ਹੈ ਕਿ ਸਾਡੇ ਪੰਜਾਬੀਆਂ ਵਿੱਚ ਅਣਖ, ਜੋਸ਼ ਤੇ ਜਜ਼ਬਾ ਜਿਊਂਦਾ ਹੈ। ਇਤਿਹਾਸ ਗਵਾਹ ਹੈ ਕਿ ਜੰਗਜੂ ਕੌਮਾਂ ਕਦੇ ਵੀ ਟਿਕ ਕੇ ਨਹੀਂ ਬੈਠਦੀਆਂ ਹੁੰਦੀਆਂ। ਫਿਰ ਪੰਜਾਬ ਦੀ ਧਰਤੀ ਤਾਂ ਹੋਈ ਹੀ ਸੂਰਬੀਰਾਂ ਅਤੇ ਯੋਧਿਆਂ ਦੀ ਧਰਤੀ। ਸਾਨੂੰ ਮਾਣ ਹੈ ਆਪਣੇ ਪੰਜਾਬੀ ਕਿਸਾਨ ਭਰਾਵਾਂ ਉੱਤੇ ਜੋ ਇਸ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ ਅਤੇ ਪੰਜਾਬ ਦੀ ਇੱਜ਼ਤ ਅਤੇ ਹੋਂਦ ਨੂੰ ਬਰਕਰਾਰ ਰੱਖਣ ਲਈ ਜੱਦੋਜਹਿਦ ਕਰ ਰਹੇ ਹਨ। ਲੇਖ ਦੇ ਸਿਰਲੇਖ ਅਨੁਸਾਰ ਪੰਜਾਬੀਆਂ ਦੇ ਹਿੱਸੇ ਆਈਆਂ ਹੀ ‘ਮੁਹਿੰਮਾਂ’ ਅਤੇ ‘ਚੁਣੌਤੀਆਂ’ ਹਨ। ਪਰ ਸਿਆਣੇ ਕਹਿੰਦੇ ਹਨ ਕਿ ਚੁਣੌਤੀਆਂ ਵੀ ਉਨ੍ਹਾਂ ਦੇ ਹਿੱਸੇ ਆਉਂਦੀਆਂ ਹਨ ਜੋ ਉਨ੍ਹਾਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਨਾਲ ਟਾਕਰਾ ਕਰਨ ਦੀ ਹਿੰਮਤ ਰੱਖਦਾ ਹੈ। ਸੋ ਆਸ ਕਰਦੇ ਹਾਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਪੰਜਾਬ ਇਹ ਮੈਦਾਨ ਫ਼ਤਿਹ ਕਰੇਗਾ.....।

ਪੰਜਾਬੀ ਬੋਲੋ
ਪੰਜਾਬੀ ਪੜ੍ਹੋ
ਪੰਜਾਬੀ ਲਿਖੋ

# ਨਿਊਜ਼ੀਲੈਂਡ ਨੇ ਵੈਸਟ ਇੰਡੀਜ਼ ਨੂੰ 1 ਪਾਰੀ ਅਤੇ 12 ਦੌੜਾਂ ਨਾਲ ਦੂਜਾ ਟੈਸਟ ਮੈਚ ਹਰਾ ਜੇ ਸੀਰੀਜ਼ ’ਤੇ ਕਬਜ਼ਾ ਕੀਤਾ



**ਵੈਲਿੰਗਟਨ** - 14 ਦਸੰਬਰ ਨੂੰ ਨਿਊਜ਼ੀਲੈਂਡ ਨੇ ਵੈਸਟ ਇੰਡੀਜ਼ ਨੂੰ ਦੂਜਾ ਟੈਸਟ ਮੈਚ 1 ਪਾਰੀ ਅਤੇ 12 ਦੌੜਾਂ ਨਾਲ ਹਰਾ ਦਿੱਤਾ ਅਤੇ ਸੀਰੀਜ਼ ਉੱਤੇ 2-0 ਨਾਲ ਕਬਜ਼ਾ ਕਰ ਲਿਆ। ਨਿਊਜ਼ੀਲੈਂਡ ਸੀਰੀਜ਼ ਦੀ ਇਸ ਜਿੱਤ ਨਾਲ ਟੈਸਟ ਕ੍ਰਿਕਟ ਦੀ ਮੋਹਰੀ ਟੀਮ ਬਣ ਗਈ ਹੈ ਜੋ ਆਸਟਰੇਲੀਆ ਨਾਲ ਸਾਂਝੇ ਤੌਰ ’ਤੇ ਪਹਿਲੇ ਸਥਾਨ ਉੱਤੇ ਕਾਬਜ਼ ਹੋ ਗਈ ਹੈ।

ਨਿਊਜ਼ੀਲੈਂਡ ਦੀ ਬਲੈਕ ਕੈਪ ਟੀਮ ਨੇ ਪਹਿਲੀ ਪਾਰੀ ਵਿੱਚ 460 ਦੌੜਾਂ ਬਣਾਈਆਂ ਸਨ। ਜਿਸ ਦੇ ਜਵਾਬ ਵਿੱਚ ਵੈਸਟ ਇੰਡੀਜ਼ ਦੀ ਪੂਰੀ ਟੀਮ ਪਹਿਲੀ ਪਾਰੀ ਵਿੱਚ 131 ਦੌੜਾਂ ਉੱਤੇ ਆਊਟ ਹੋ ਗਈ ਅਤੇ ਫਾਲੋਆਨ ਨਾ ਬਚਾ ਸਕੀ ਅਤੇ ਫਾਲੋਆਨ ਤੋਂ ਬਾਅਦ ਵੀ ਆਪਣੀ ਦੂਜੀ ਪਾਰੀ ਵਿੱਚ ਉਸ ਨੇ ਭਾਵੇਂ 317 ਦੌੜਾਂ ਬਣਾਈਆਂ। ਪਰ ਉਹ ਬਲੈਕ ਕੈਪ ਟੀਮ ਨੂੰ ਵੱਡੀ ਜਿੱਤ ਪ੍ਰਾਪਤ ਕਰਨ ਤੋਂ ਨਾ ਰੋਕ ਸਕੀ ਅਤੇ ਵੈਸਟ ਇੰਡੀਜ਼ ਨੂੰ 1 ਪਾਰੀ ਅਤੇ 12 ਦੌੜਾਂ ਨਾਲ ਹਾਰ ਦਾ ਮੂੰਹ ਵੇਖਣਾ ਪਿਆ।

ਕੀਵੀ ਖਿਡਾਰੀ ਹੈਨਰੀ ਨਿਕੋਲਸ ਨੂੰ ‘ਮੈਨ ਆਫ਼ ਦਿ ਮੈਚ’ ਐਲਾਨਿਆ ਗਿਆ, ਜਿਸ ਨੇ 174 ਦੌੜਾਂ ਦਾ ਯੋਗਦਾਨ ਪਾਇਆ।

# ਵਰਲਡ ਕੱਪ ਮੁੱਕੇਬਾਜ਼ੀ ’ਚ ਸਿਮਰਨਜੀਤ ਕੌਰ ਤੇ ਮਨੀਸ਼ ਨੇ ਸੋਨੇ ਦੇ ਤਗਮੇ ਜਿੱਤੇ



**ਨਵੀਂ ਦਿੱਲੀ** - ਜਰਮਨੀ ਵਿਖੇ ਮੁੱਕੇਬਾਜ਼ੀ ਵਰਲਡ ਕੱਪ ਦੌਰਾਨ ਭਾਰਤੀ ਮਹਿਲਾ ਮੁੱਕੇਬਾਜ਼ ਸਿਮਰਨਜੀਤ ਕੌਰ (60 ਕਿੱਲੋ) ਤੇ ਮਨੀਸ਼ (57 ਕਿੱਲੋ) ਨੇ ਆਪਣੇ-ਆਪਣੇ ਵਰਗ ਵਿੱਚ ਸੋਨ ਤਗਮੇ ਜਿੱਤੇ। ਮਨੀਸ਼ ਨੇ ਆਪਣੇ ਹੀ ਦੇਸ਼ ਦੀ ਸਾਕਸ਼ੀ ਨੂੰ 3-2 ਨਾਲ ਹਰਾਇਆ ਜਦੋਂ ਕਿ ਸਿਮਰਨਜੀਤ ਨੇ ਜਰਮਨੀ ਦੀ ਮਾਇਆ ਕਿਲਿਹਾਂਸ ਨੂੰ 4-1 ਨਾਲ ਹਰਾ ਕੇ ਖਿਤਾਬ ਜਿੱਤਿਆ। ਭਾਰਤ ਨੇ ਇਸ ਮੁਕਾਬਲੇ ਵਿੱਚ ਤਿੰਨ ਸੋਨ, ਦੋ ਚਾਂਦੀ ਤੇ ਚਾਰ ਕਾਂਸੇ ਦੇ ਤਗਮੇ ਜਿੱਤੇ ਹਨ।



# ਖੇਡ ਖਿਡਾਰੀ



## ਨਿਊਜ਼ੀਲੈਂਡ ’ਚ ਹੋਣ ਵਾਲੇ ਮਹਿਲਾ ਵੰਨ-ਡੇਅ ਵਰਲਡ ਕੱਪ 2022 ਦੇ ਪ੍ਰੋਗਰਾਮਾਂ ਦਾ ਐਲਾਨ



**ਦੁਬਈ –** ਇੱਥੇ 15 ਦਸੰਬਰ ਦਿਨ ਮੰਗਲਵਾਰ ਨੂੰ ਇੰਟਰਨੈਸ਼ਨਲ ਕ੍ਰਿਕਟ ਕੌਂਸਲ (ਆਈਸੀਸੀ) ਨੇ ਨਿਊਜ਼ੀਲੈਂਡ ’ਚ ਸਾਲ 2022 ਵਿੱਚ ਹੋਣ ਵਾਲੇ ‘ਮਹਿਲਾ ਵਰਲਡ ਕੱਪ’ ਦਾ ਪ੍ਰੋਗਰਾਮ ਜਾਰੀ ਕਰ ਦਿੱਤਾ। ਇਸ ਵੰਨ-ਡੇਅ ਵਰਲਡ ਕੱਪ ਵਿੱਚ 4 ਮਾਰਚ ਤੋਂ 3 ਅਪ੍ਰੈਲ 2022 ਤੱਕ 31 ਮੈਚ 31 ਦਿਨਾਂ ਵਿੱਚ ਖੇਡੇ ਜਾਣਗੇ, ਜੋ ਨਿਊਜ਼ੀਲੈਂਡ ਦੇ 6 ਸ਼ਹਿਰਾਂ ਆਕਲੈਂਡ, ਹੈਮਿਲਟਨ, ਟੌਰੰਗਾ, ਵੈਲਿੰਗਟਨ, ਕ੍ਰਾਈਸਟਚਰਚ ਅਤੇ ਡੂਨੇਡਿਨ ਵਿਖੇ ਹੋਣਗੇ। ਵਰਲਡ ਕੱਪ ਦੇ ਵਿੱਚ 8 ਟੀਮਾਂ ਭਾਗ ਲੈਣਗੀਆਂ ਅਤੇ ਜੋ ਰਾਊਂਡ ਰੌਬਿਨ ਫਾਰਮੈਟ ਦੇ ਅਧਾਰ ’ਤੇ ਮੈਚ ਖੇਡਣਗੀਆਂ, ਜਿਸ ’ਚ ਹਰ ਟੀਮ ਇੱਕ ਦੂਜੇ ਨਾਲ ਖੇਡੇਗੀ। ਹਰ ਟੀਮ ਗਰੁੱਪ ਪੜਾਅ ਵਿੱਚ 7 ਮੈਚ ਖੇਡੇਗੀ ਅਤੇ ਇਨ੍ਹਾਂ ਵਿੱਚੋਂ ਉਹ 3 ਮੈਚ ਟੀਮ (ਹੈਮਿਲਟਨ) ਦੇ ਖ਼ਿਲਾਫ਼ ਖੇਡੇਗੀ। ਗਰੁੱਪ ਪੜਾਅ ਦੀਆਂ ਪਹਿਲੀਆਂ 4 ਟੀਮਾਂ ਸੈਮੀ-ਫਾਈਨਲ ਅਤੇ ਟੌਪ ਦੀਆਂ 2 ਟੀਮਾਂ ਫਾਈਨਲ ’ਚ ਖ਼ਿਤਾਬ ਲਈ ਭਿੜਣਗੀਆਂ।

ਮੇਜ਼ਬਾਨ ਨਿਊਜ਼ੀਲੈਂਡ 4 ਮਾਰਚ 2022 ਨੂੰ ਆਪਣੇ ਵਰਲਡ ਕੱਪ ਮੈਚਾਂ ਦੇ ਅਭਿਆਨ ਦੀ ਸ਼ੁਰੂਆਤ ਟੌਰੰਗਾ ਦੇ ਬੇਅ ਓਵਲ ਗਰਾਊਂਡ ਵਿਖੇ ਉਦਘਾਟਨੀ ਮੈਚ ਕਵਾਲਿਫ਼ਾਇਰ ਟੀਮ ਨਾਲ ਖੇਡ ਕੇ ਕਰੇਗਾ। ਉਸ ਤੋਂ ਬਾਅਦ 7 ਮਾਰਚ ਨੂੰ ਕਵਾਲਿਫ਼ਾਇਰ (ਡੂਨੇਡਿਨ) ਨਾਲ, 10 ਮਾਰਚ ਨੂੰ ਭਾਰਤ (ਹੈਮਿਲਟਨ) ਨਾਲ, 13 ਮਾਰਚ ਨੂੰ ਆਸਟਰੇਲੀਆ (ਵੈਲਿੰਗਟਨ) ਨਾਲ, 17 ਮਾਰਚ ਨੂੰ ਦੱਖਣੀ ਅਫ਼ਰੀਕਾ (ਹੈਮਿਲਟਨ) ਨਾਲ, 20 ਮਾਰਚ ਨੂੰ ਇੰਗਲੈਂਡ (ਆਕਲੈਂਡ) ਨਾਲ ਅਤੇ 26 ਮਾਰਚ ਨੂੰ ਕਵਾਲਿਫ਼ਾਇਰ (ਕ੍ਰਾਈਸਟਚਰਚ) ਨਾਲ ਆਖ਼ਰੀ ਲੀਗ ਮੈਚ ਖੇਡੇਗੀ।

ਜਦੋਂ ਕਿ ਭਾਰਤੀ ਮਹਿਲਾ ਟੀਮ ਆਪਣਾ ਪਹਿਲਾ ਮੈਚ ਟੌਰੰਗਾ ਦੇ ਬੇਅ ਓਵਲ ਗਰਾਊਂਡ ’ਤੇ 6 ਮਾਰਚ ਨੂੰ ਕਵਾਲਿਫ਼ਾਇਰ ਟੀਮ ਨਾਲ ਖੇਡ ਕੇ ਕਰੇਗਾ। ਉਸ ਤੋਂ ਬਾਅਦ ਭਾਰਤੀ ਟੀਮ 10 ਮਾਰਚ ਨੂੰ ਨਿਊਜ਼ੀਲੈਂਡ (ਹੈਮਿਲਟਨ) ਨਾਲ, 12 ਮਾਰਚ ਨੂੰ ਕਵਾਲਿਫ਼ਾਇਰ (ਹੈਮਿਲਟਨ) ਨਾਲ, 16 ਮਾਰਚ ਨੂੰ ਇੰਗਲੈਂਡ (ਟੌਰੰਗਾ) ਨਾਲ, 19 ਮਾਰਚ ਨੂੰ ਆਸਟਰੇਲੀਆ (ਆਕਲੈਂਡ) ਨਾਲ, 22 ਮਾਰਚ ਨੂੰ ਕਵਾਲਿਫ਼ਾਇਰ (ਹੈਮਿਲਟਨ) ਨਾਲ ਅਤੇ 27 ਮਾਰਚ ਨੂੰ ਦੱਖਣੀ ਅਫ਼ਰੀਕਾ (ਕ੍ਰਾਈਸਟਚਰਚ) ਨਾਲ ਆਖ਼ਰੀ ਲੀਗ ਮੈਚ ਖੇਡੇਗੀ।

ਜ਼ਿਕਰਯੋਗ ਹੈ ਕਿ ਮਾਰਚ 2020 ਵਿੱਚ ਆਸਟਰੇਲੀਆ ਵਿੱਚ ਮਹਿਲਾ ਟੀ-20 ਵਿਸ਼ਵ ਕੱਪ ਦੇ ਬਾਅਦ ਖੇਡਿਆ ਜਾਣ ਵਾਲਾ ਪਹਿਲਾ ਸੰਸਾਰਿਕ ਮਹਿਲਾ ਕ੍ਰਿਕੇਟ ਪ੍ਰੋਗਰਾਮ ਹੋਵੇਗਾ। ਇਸ ਟੂਰਨਾਮੈਂਟ ਨੂੰ ਕੋਰੋਨਾਵਾਇਰਸ ਮਹਾਂਮਾਰੀ ਦੀ ਵਜ੍ਹਾ ਤੋਂ ਕ੍ਰਿਕੇਟ ਜਗਤ ਵਿੱਚ ਹੋਏ ਬਦਲਾਓ ਦੇ ਬਾਅਦ ਫਰਵਰੀ-ਮਾਰਚ 2021 ਤੋਂ ਮੁਲਤਵੀ ਕਰ ਦਿੱਤਾ ਗਿਆ ਸੀ। ਆਈਸੀਸੀ ਦੇ ਸੀਈਓ ਮਨੂੰ ਸਾਹਨੀ ਨੇ ਕਿਹਾ ਕਿ ਸਾਲ 2022 ਦੇ ਮਹਿਲਾ ਕ੍ਰਿਕੇਟ ਵਰਲਡ ਕੱਪ ਦੀ ਇਨਾਮ ਰਾਸ਼ੀ 5.5 ਮਿਲੀਅਨ ਨਿਊਜ਼ੀਲੈਂਡ ਡਾਲਰ (ਕਰੀਬ 29 ਕਰੋੜ ਰੁਪਏ) ਹੋਵਾਂਗੀਆਂ। ਇਹ 2017 ਦੇ ਮੁਕਾਬਲੇ 60 ਫ਼ੀਸਦੀ ਅਤੇ 2013 ਦੇ ਮੁਕਾਬਲੇ 1,000 ਫ਼ੀਸਦੀ ਦਾ ਵਾਧਾ ਹੈ।

## ਆਈਸੀਸੀ ਵੱਲੋਂ ਅੰਡਰ-19 ਵਰਲਡ ਕੱਪ 2022 ਦੇ ਕੁਆਲੀਫ਼ੀਕੇਸ਼ਨ ਮੁਕਾਬਲਿਆਂ ਦੇ ਪ੍ਰੋਗਰਾਮਾਂ ਦਾ ਐਲਾਨ



**ਦੁਬਈ –** ਇੰਟਰਨੈਸ਼ਨਲ ਕ੍ਰਿਕਟ ਕੌਂਸਲ (ਆਈਸੀਸੀ) ਨੇ ਵੈਸਟ ਇੰਡੀਜ਼ ਵਿੱਚ 2022 ਵਿੱਚ ਹੋਣ ਵਾਲੇ ਅੰਡਰ-19 ਵਰਲਡ ਕੱਪ ਦੇ ਕੁਆਲੀਫਿਕੇਸ਼ਨ ਮੁਕਾਬਲਿਆਂ ਬਾਰੇ ਪਹਿਲਾਂ ਤੋਂ ਨਿਰਧਾਰਿਤ ਪ੍ਰੋਗਰਾਮ ਦਾ 13 ਦਸੰਬਰ ਨੂੰ ਐਲਾਨ ਕਰ ਦਿੱਤਾ ਹੈ। ਇਸ ਤਹਿਤ 5 ਸਥਾਨਾਂ ਉਤੇ 33 ਟੀਮਾਂ ਵਿੱਚ ਮੁਕਾਬਲਾ ਹੋਵੇਗਾ। ਪਿਛਲੇ ਵਰਲਡ ਕੱਪ 2020 ਦੀਆਂ ਚੋਟੀ ਦੀਆਂ 11 ਟੀਮਾਂ ਨੇ 2022 ਦੇ ਸ਼ੁਰੂ ਵਿੱਚ ਹੋਣ ਵਾਲੇ ਇਸ ਵਰਲਡ ਕੱਪ ਲਈ ਆਪਣੀ ਥਾਂ ਪੱਕੀ ਕਰ ਲਈ ਹੈ। ਇਨ੍ਹਾਂ ਵਿੱਚ ਨਿਊਜ਼ੀਲੈਂਡ, ਭਾਰਤ, ਅਫ਼ਗਾਨਿਸਤਾਨ, ਆਸਟਰੇਲੀਆ, ਬੰਗਲਾਦੇਸ਼, ਇੰਗਲੈਂਡ, ਪਾਕਿਸਤਾਨ, ਦੱਖਣੀ ਅਫ਼ਰੀਕਾ, ਸ੍ਰੀਲੰਕਾ, ਵੈਸਟ ਇੰਡੀਜ਼ ਅਤੇ ਜ਼ਿੰਬਾਬਵੇ ਸ਼ਾਮਲ ਹਨ।

ਕੋਵਿਡ-19 ਮਹਾਂਮਾਰੀ ਕਾਰਣ ਇਸ ਟੂਰਨਾਮੈਂਟ ਦੇ ਕੁਆਲੀਫ਼ਾਈ ਮੁਕਾਬਲੇ ਇੱਕ ਸਾਲ ਦੀ ਦੇਰੀ ਨਾਲ ਹੋਣਗੇ। 5 ਟੀਮਾਂ ਖੇਤਰੀ ਮੈਚਾਂ ਨਾਲ ਕੁਆਲੀਫ਼ਾਈ ਕਰਨਗੀਆਂ। ਪਹਿਲੀਆਂ 33 ਟੀਮਾਂ ਦੀ ਚੋਣ 7 ਖੇਤਰੀ ਮੁਕਾਬਲਿਆਂ ਬਾਅਦ ਹੋਵੇਗੀ। ਇਸ ਦੀ ਸ਼ੁਰੂਆਤ ਜੂਨ 2021 ਵਿੱਚ ਹੋਵੇਗੀ। ਏਸ਼ੀਆ ਅਤੇ ਅਫ਼ਰੀਕਾ ਖੇਤਰਾਂ ਦੀਆਂ ਟੀਮਾਂ ਦੀ ਗਿਣਤੀ ਵੱਧ ਹੋਣ ਦੇ ਕਾਰਣ ਕੁਆਲੀਫਿਕੇਸ਼ਨ ਮੁਕਾਬਲੇ ਦੋ ਪੱਧਰਾਂ ’ਤੇ ਹੋਣਗੇ। ਦੂਜੇ ਪਾਸੇ ਅਮਰੀਕਾ ਅਤੇ ਯੂਰੋਪ ਵਿੱਚ ਇੱਕ ਪੱਧਰ ਦੇ ਮੁਕਾਬਲੇ ਹੋਣਗੇ। ਇਸ ਕੁਆਲੀਫਿਕੇਸ਼ਨ ਪ੍ਰਕਿਰਿਆ ਦਾ ਨਾਂ ‘ਰੋਡ ਟੂ ਵੈਸਟ ਇੰਡੀਜ਼’ ਰੱਖਿਆ ਗਿਆ ਹੈ। ਇਸ ਦੀ ਸ਼ੁਰੂਆਤ ਤੰਜਾਨੀਆ ਵਿੱਚ ਅਫ਼ਰੀਕਾ ਡਿਵੀਜ਼ਨ ਦੋ ਨਾਲ ਜੂਨ 2021 ਵਿੱਚ ਹੋਵੇਗੀ ਅਤੇ ਇਸ ਕੁਆਲੀਫਿਕੇਸ਼ਨ ਪ੍ਰਕਿਰਿਆ ਦਾ ਅੰਤ ਯੂਨਾਈਟਿਡ ਅਰਬ ਅਮੀਰਾਤ ਵਿਖੇ ਵਰਲਡ ਕੱਪ ਏਸ਼ੀਆ ਕੁਆਲੀਫ਼ਾਈਰ ਨਾਲ ਹੋਵੇਗਾ।

## ਆਸਟਰੇਲੀਆ ਦੌਰਾ: ਪਹਿਲੇ ਟੈਸਟ ’ਚ ਭਾਰਤ ਦੀ ਸ਼ਰਮਨਾਕ ਹਾਰ, ਪਿੰਕ ਬਾਲ ਨੇ ਪਾਇਆ ਭਾਰਤੀ ਟੀਮ ’ਚ ਹਨੇਰਾ

ਐਡੀਲੇਡ – 19 ਦਸੰਬਰ ਨੂੰ ਮੇਜ਼ਬਾਨ ਆਸਟਰੇਲੀਆ ਨੇ 4 ਟੈਸਟ ਮੈਚਾਂ ਦੀ ਲੜੀ ਦੇ ਫਿਮਕ ਗੇਂਦ ਨਾਲ ਖੇਡੇ ਗਏ ਪਹਿਲੇ ਡੇਅ-ਨਾਈਟ ਮੈਚ ਵਿੱਚ ਮਹਿਮਾਨ ਟੀਮ ਭਾਰਤ ਨੂੰ 8 ਵਿਕਟਾਂ ਨਾਲ ਹਰਾ ਦਿੱਤਾ। ਦਿਨ-ਰਾਤ ਦੇ ਮੈਚ ਵਿੱਚ ਤੀਜੇ ਦਿਨ ਭਾਰਤੀ ਟੀਮ ਦੂਜੀ ਪਾਰੀ ’ਚ ਸਿਰਫ਼ 36 ਦੌੜਾਂ ’ਤੇ ਹੀ ਢੇਰ ਹੋ ਗਈ। ਭਾਰਤੀ ਕ੍ਰਿਕਟ ਟੀਮ ਦਾ ਟੈਸਟ ਮੈਚਾਂ ਵਿੱਚ ਇਹ ਸਭ ਤੋਂ ਘੱਟ ਸਕੋਰ ਹੈ। ਭਾਰਤੀ ਟੀਮ ਦਾ ਇਸ ਤੋਂ ਪਹਿਲਾਂ ਸਭ ਤੋਂ ਘੱਟ ਸਕੋਰ 42 ਦੌੜਾਂ ਸੀ, ਜੋ ਉਸ ਨੇ 1972 ’ਚ ਇੰਗਲੈਂਡ ਖ਼ਿਲਾਫ਼ ਬਣਾਈਆਂ ਸਨ। ਭਾਰਤੀ ਟੀਮ ਨੂੰ 96 ਸਾਲਾਂ ਬਾਅਦ ਅਜਿਹੀ ਸ਼ਰਮਨਾਕ ਹਾਰ ਮਿਲੀ ਹੈ।

ਕਪਤਾਨ ਵਿਰਾਟ ਕੋਹਲੀ ਦੀ ਅਗਵਾਈ ਹੇਠਲੀ ਭਾਰਤੀ ਟੀਮ ਨੇ ਪਹਿਲੀ ਪਾਰੀ ’ਚ 244 ਦੌੜਾਂ ਬਣਾਈਆਂ ਸਨ, ਜਦੋਂ ਕਿ ਆਸਟਰੇਲਿਆਈ ਟੀਮ 191 ਦੌੜਾਂ ’ਤੇ ਆਊਟ ਹੋ ਗਈ ਸੀ। ਦੂਜੀ ਪਾਰੀ ’ਚ ਭਾਰਤੀ ਬੱਲੇਬਾਜ਼ਾਂ ਨੂੰ ਆਸਟਰੇਲਿਆਈ ਗੇਂਦਬਾਜ਼ ਜੋਸ਼ ਹੇਜ਼ਲਵੁੱਡ ਅਤੇ ਪੈਟਰਿਕ ਕਮਿੰਸ ਨੇ ਖੁੱਲ੍ਹ ਕੇ ਨਾ ਖੇਡਣ ਦਿੱਤਾ ਅਤੇ ਟੀਮ 9 ਵਿਕਟਾਂ




ਗੁਆ ਕੇ ਸਿਰਫ਼ 36 ਦੌੜਾਂ ਹੀ ਬਣਾ ਸਕੀ। ਪਹਿਲੀ ਪਾਰੀ ਦੇ ਆਧਾਰ ’ਤੇ 53 ਦੌੜਾਂ ਨਾਲ ਪੱਛੜੀ ਆਸਟਰੇਲੀਆ ਨੇ ਦੂਜੀ ਪਾਰੀ ’ਚ ਸਿਰਫ਼ 2 ਵਿਕਟਾਂ ਗੁਆ ਕੇ 90 ਦੌੜਾਂ ਦਾ ਟੀਚਾ 21 ਓਵਰਾਂ ’ਚ ਹੀ ਹਾਸਲ ਕਰਦਿਆਂ ਮਹਿਮਾਨ ਟੀਮ ਨੂੰ 8 ਵਿਕਟਾਂ ਨਾਲ ਹਰਾ ਦਿੱਤਾ। ਸਲਾਮੀ ਬੱਲੇਬਾਜ਼ ਜੋਅ ਬਰਨਸ ਨੇ 51 ਦੌੜਾਂ ਬਣਾਈਆਂ। ਆਸਟਰੇਲਿਆਈ ਕਪਤਾਨ ਟਿਮ ਪੇਨ ਨੂੰ ‘ਮੈਨ ਆਫ਼ ਦਿ ਮੈਚ ਐਲਾਨਿਆ ਗਿਆ।


ਨਿਊਜ਼ੀਲੈਂਡ ਪੰਜਾਬੀ ਅਕੈਡਮੀ

NZ Punjabi Academy

ਪਾਪਾਟੋਏਟੋਏ ਵਿਖੇ ਬੱਚਿਆ ਲਈ ਪੰਜਾਬੀ ਸਿਖਾਉਣ ਦਾ ਪ੍ਰਬੰਧ

*ਗੁਰਮਤਿ, ਗੁਰਬਾਣੀ ਅਤੇ ਪੰਜਾਬੀ ਦੀ ਸਿਖਲਾਈ

*ਤਜ਼ਰਬੇਕਾਰ ਸਟਾਫ਼,

*ਪੜ੍ਹਾਈ ਦੀ ਕੋਈ ਫ਼ੀਸ ਨਹੀਂ

ਪੰਜਾਬੀ ਸਕੂਲ ਦਾ ਸਮਾਂ : Saturday 2pm to5pm

1/73 St. George Street, Papatoetoe, Auckland

Principal :
NZ Punjabi Academy

Managed by

Supported by

Managed By :
Tejvir Singh 021 124 4213



(ਕਹਾਣੀ)

# ਕੰਬਾਇਨ-ਕਰਫਿਊ-ਕਾਮਰੇਡ

ਕਹਾਣੀਕਾਰ - ਲਾਲ ਸਿੰਘ ਦਸੂਹਾ, ਨੇੜੇ ਐਸ.ਡੀ.ਐਮ. ਕੋਰਟ, ਜੀ.ਟੀ.ਰੋਡ ਦਸੂਹਾ(ਹੁਸ਼ਿਆਰਪੁਰ), MOBILE NO : +91 94655-74866

ਬੰਤਾ ਸੂੰਹ ਕਾਮਰੇਡ ਦਾ ਵੱਡਾ ਪੁੱਤਰ ਜੀਤਾ ਜਦ ਤੀਜਾ ਵਾਰ ਕਨੇਡਿਉਂ ਪਰਤਿਆ ਤਾਂ ਉਸ ਦਾ ਸਾਰਾ ਇਤਿਹਾਸ-ਭੂਗੋਲ ਬਦਲ ਚੁੱਕਾ ਸੀ ਗੁਲਾਬੀ ਭਾਅ ਮਾਰਦਾ ਹੋਰਬਦਾਰ, ਚਿਹਰਾ, ਸ਼ਾਹ-ਕਾਲੇ ਭਰੌਵੱਟੇ, ਚੌੜਾ ਚਮਕਦਾਰ ਮੱਥਾ ਉੱਪਰ ਚਿੱਟੀ ਪੋਚਵੀ ਤਹਿਦਾਰ ਪੱਗੜੀ, ਗਲੇ ਅੰਦਰ ਦੋਹਰੀ ਲਮਕਮੀ ਸਾਂਵਲੇ-ਸੁਨਹਿਰੀ ਰੰਗੀ ਦੀ ਮਾਲਾ, ਇਕ ਹੱਥ ਅਖਰੋਟ ਦੀ ਖੂੰਡੀ ਵਰਗੀ-ਵਲੇਵੇਂ-ਦਰ ਸੋਟੀ ,ਦੂਜੀ ਹੱਥ ਅਖ਼ਬਾਰ, ਜਿਵੇਂ ਸੋਭਾ ਸਿੰਘ ਦੀ ਚਿੱਤਰਕਲਾ ਦਾ ਕੋਈ ਦੇਵ-ਪੁਰਸ਼ ਸਾਖਸ਼ਾਤ ਪ੍ਰਗਟ ਹੋ ਗਿਆ ਹੈ।

ਉਸ ਦੀਆਂ ਹਰ ਵੇਲੇ ਮੁੰਦ-ਰਹਿਣੀਆਂ ਅੱਖਾਂ ਵੱਲ ਦੇਖਦਿਆਂ, ਪਹਿਲੇ ਦੋ ਵਾਰ ਜਹਾਜ਼ੋ ਉਤਰੇ ਅਟੈਚੀ-ਕੇਸਾਂ ਬੈਗਾਂ ਉੱਤੇ ਉਕਰਿਆ ਉਸ ਦਾ ਪਹਿਲਾ ਨਾਂ ਜੀਤ ਐਂਸ ਮਾਹਲ ਤਾਂ ਬਹੁਤ ਘੱਟ ਲੋਕਾਂ ਨੂੰ ਯਾਦ ਰਿਹਾ ਸੀ, ਪਰ ਉਸ ਨਾਲ ਕਿਸੇ ਵੇਲੇ ਜੁੜਿਆ ਨਲੀ-ਚੋ ਉਪਨਾਮ ਲੱਗਭੱਗ ਹਰ ਕਿਸੇ ਨੂੰ ਚੇਤੇ ਸੀ। ਘਰੋਂ ਬਾਹਰ ਨਿਕਲਦੇ ਨੂੰ ਉਸ ਦੇ ਹਾਣੀ ਉਸ ਨੂੰ ਜੀਤਾ ਸਿਆਂ ਜਾਂ ਮਾਹਲ ਸਾਹਬ ਆਖ ਕੇ ਬੁਲਾਉਣਾ ਪਸੰਦ ਕਰਦੇ, ਪਰ ਉਹ ਅੱਗੋਂ 'ਸੰਤ ਜੀ' ਜਾਂ 'ਕਨੇਡੀਅਨ' ਦਾ ਸੰਬੋਧਨ ਸੁਣ ਕੇ ਬਹੁਤਾ ਪ੍ਰਸੰਨ ਹੁੰਦਾ। ਪਿੰਡ ਦੇ ਪਿੱਪਲ ਹੇਠਲੇ ਥੜੇ ਤੇ ਜੁੜਦੀ ਜੁੰਡਲੀ ਉਸ ਨੂੰ 'ਮੇਮ-ਸਾਹਬ' ਆਖ ਕੇ ਠੱਠਾ ਕਰਦੀ। ਘਰ ਆਏ ਹਰ ਕਿਸੇ ਨੂੰ ਉਹ ਰਸਮੀ ਹਾਲ-ਚਾਲ ਰਾਹ ਅੜਿੱਕੇ ਟਕਰਦੇ ਨੂੰ ਹੱਥ ਜੋੜ, ਸਿਰ ਨਿਵਾ, ਅੱਖਾਂ ਮੁੰਦ ਕੇ ਬੜੀ ਅਦਬੀ ਫਤੇ੍ਹ ਬੁਲਾਉਂਦਾ।

ਇੰਡੀਆਂ ਆਉਣ ਦੀਆਂ ਪਹਿਲੀਆਂ ਦੋਨਾਂ ਫੇਰੀਆਂ ਵਾਂਗ ਉਸ ਦੀ ਸੰਗਤ ਵੀ ਹੁਣ ਅੱਧ-ਕੱਟੀਆਂ ਦਾਅੜ੍ਹੀਆਂ, ਲੰਮੀਆਂ-ਜਟੂਰੀਆਂ ਜਾਂ ਵੱਡੇ-ਵੱਡੇ ਪੱਗੜਾਂ ਵਾਲੇ ਯਾਰਾਂ-ਬੇਲੀਆਂ ਨਾਲ ਨਹੀ ਸੀ ਰਹੀ। ਥੜੇ ਦੀ ਜੁੰਡਲੀ ਲਾਗੇ ਵੀ ਜੇ ਕਦੀ ਉਹ ਆਵਾਜ਼ ਮਾਰਿਆਂ ਆਉਂਦਾ ਈ ਆਉਂਦਾ, ਤਾਂ ਕਿਸੇ ਦੀ ਧੀ-ਭੈਣ, ਨੌਂਹ-ਸੱਸ, ਮਾਈ-ਭਾਈ, ਸਾਧ-ਸਾਧਣੀ ਉੱਤੇ ਚਲਦੀ ਚੰਗੀ-ਮਾੜੀ ਟਿੱਪਣੀ ਸੁਣੀ-ਅਣਸੁਣੀ ਕਰ ਕਰੇ ਝੱਟ ਖਿਸਕਣ ਦੀ ਕਰਦਾ। ਉਂਝ ਬਹੁਤਾ ਸਮਾਂ ਉਹ ਆਪਣੇ ਘਰ ਹੀ ਗੁਜ਼ਾਰਦਾ ਜਾਂ ਲਹਿੰਦੀ ਬਾਹੀ ਫਿਰਨੀਉਂ ਪਾਰ ਬਣੀ ਭੀਖੂ ਸਾਈ ਦੀ ਕੁਟੀਆ। ਉਦਾਸੀਆਂ ਦੇ ਡੇਰੇ ਨਾਲ ਵੀ ਉਸ ਦੀ ਪੂਰੀ ਸਾਂਝ ਸੀ ਤੇ ਥੋੜੀ ਦੂਰ ਹਟਵੇਂ ਰਹਿੰਦੇ ਕੰਨ-ਪਾਟੇ ਨਾਥਾਂ ਨਾਲ ਵੀ। ਉਸ ਦੀ ਬਦਲੀ ਹੋਈ ਚਾਲ-ਢਾਲ ਦੇਖ ਕੇ ਹਰ ਕਿਸੇ ਨੂੰ ਹੈਰਾਨੀ ਤਾਂ ਹੁੰਦੀ ਈ ਹੁੰਦੀ, ਫਿਰ ਮੇਹਰੂ-ਉਟਨੱਟ ਵਾਂਗ ਉਸ ਨੂੰ ਸਿੱਧੀ ਟਕੋਰ ਲਾਉਣ ਵਿੱਚ ਕਿਸੇ ਨੇ ਪਹਿਲ ਨਾ ਕੀਤੀ।

-ਓਏ ਜੀਤਾ ਸਿਆਂ .... ਨਾ ਕੀ, ਅਹੀਂ ਕੋਈ ਦੁੱਭਰਆਰੇ ਆਂ ਸਾਡੇ ਨਾਲ ਬਾਤ-ਚੀਤ ਕਰਨੋਂ ਤੂੰ ਐਉਂ ਤਹਿਕਦਾਂ ਜਿਉਂ ਭਿੱਟ ਹੋ ਚੱਲਿਆ ਹੁੰਨਾਂ....ਨਾ ਕੀ'।

-'ਏਹ ਸਾਲਾ ਮਨ ਜਿਆ, ਨਾ ਕੀ, ਕਨੇਡੇ ਜਾ ਕੇ ਖੁਭਣੋਂ ਹਟਿਆ ਕਿ ਪਹਿਲੋ ਈ ਕੁਸ ਉਟਨੱਟ ਕਰਦਾ ਸੀ ....ਨਾ ਕੀ'।

-'ਬੱਸ ਕਿਸੇ ਤਰ੍ਹਾਂ ਸਮਝ ਲਓ, ਚਾਚਾ ਸਾਹਬ ਜੀ ਆਖ, ਜੀਤ ਸੂੰਹ ਉਸ ਤੋ ਪੱਲਾ ਛੁਡਵਾ ਕੇ ਖਿਸਕਦਾ ਬਣਦਾ, ਪਰ ਖੁੱਲ੍ਹੇ-ਖੁਲਾਸੇ ਸੁਭਾ ਦਾ ਜੀਤ ਸਿੰਘ ਦਾ ਤਾਇਆ ਸੰਤਾ ਸਿਉਂ, ਥੜੇ ਤੇ ਬੁੱਕਲਾਂ ਮਾਰੀ ਬੈਠੀ ਮੁੰਡੀਰ ਨੂੰ ਜੀਤ ਨਾਲ ਜੁੜੇ 'ਨਲੀ-ਚੋ' ਦੇ ਵਿਸ਼ੇਸ਼ਣ ਦੀ ਵਿਆਖਿਆ ਕਰਦਾ ਕਿੰਨਾ-ਕਿੰਨਾ ਚਿਰ ਢਿੱਡੀ ਪੀੜਾਂ ਪੁਆਉਂਦਾ ਰਹਿੰਦਾ'।

-'ਲੈ ਸਾਬ੍ਹ' ... ਇਹ ਮੇਰਾ ਭਤੀਜਾ ਹਾਲੀ ਪੰਜਾਂ ਸਾਲਾਂ ਦਾ ਵੀ ਨਈ ਸੀ ਹੋਇਆ ਕਿ ਛੂੱਟੀ ਆਏ ਨੂੰ ਇਦ੍ਹੀ ਬੀਬੀ ਕਹਿੰਦੀ ਮੈਂ ਕਿਆ ਭਾਈਆ.....ਤੂੰ ਐਸ ਲਬੂਦੜ ਜਿਹੇ ਦਾ ਨਾਮਾ ਈ ਲ਼ਿਆ ਦੇਣਾ ਸੀ ਸਕੂਲੇ ਜਾ ਕੇ ...ਪੇਏ ਇਦ੍ਹੇ ਨੂੰ ਤਾਂ ਘਰ-ਬਾਰ ਦੀ ਸੁੱਧ-ਬੁੱਧ ਈ ਨਈਂ ....ਪਤਾ ਨਈ ਕਿਹੜੇ ''ਕਲਾਬ ਮਗਰ ਨੱਠਾ-ਭੱਜਾ ਫਿਰਦਾ, ਕਈ ਕਈ ਮਹੀਨੇ ਘਰ ਈ ਨਈਂ ਵੜਦਾ...ਕਲ੍ਹ-ਕਲੋਤਰ ਨੂੰ ਇਹ ਵੀ ਜੇ ਦੋ ਜਮਾਤਾਂ ਪੜ੍ਹ ਜੂ ਤਾਂ ਲੈ ਜਈਂ ਆਪਣੇ ਨਾਲ ਈ ਸ਼ਪਾਈ ਬਣਾ ਕੇ'।

-ਲੈ ਭਾਅ, ਆਪਾਂ ਛੋਟੀ ਭਰਜਾਈ ਦਾ ਆਖਾ ਕਿੱਦਾ ਮੋੜ ਸਕਦੇ ਸੇਏ, ਜਾ ਹਾਜ਼ਰ ਕੀਤੀ ਉਚੇ-ਬਢਾਲੇ ਮੱਖੀ-ਮਾਰ ਮੁਣਸ਼ੀ ਕੋਲ। ਲੈ ਭਾਅ......ਇਦ੍ਹਾਂ ਨਾਮ ਜਰਿਸ਼ਟਰ ਦੇ ਚਾੜ੍ਹ ਕੇ ਛੋਟਾ ਮੁਣਸ਼ੀ ਅਜੇ ਰਤੀ ਭਰ ਤਾਹਾਂ ਨੂੰ ਹੋਇਆ ਈ ਸੀ ਕਿ ਹਵਾ 'ਚ ਉੜਦੀ ਇਕ ਮੱਖੀ ਸਹਿਵਨ ਉਦ੍ਹੀ ਨਜ਼ਰੇ ਚੜ੍ਹ ਗਈ। ਖੱਬੇ ਹੱਥ ਦੀ ਝਬੂਟੀ ਮਾਰ ਕੇ ਓਧਰ ਉਨ੍ਹੇ ਮੱਖੀ ਫੇਹ ਕੇ ਔਹ ਮਾਰੀ, ਏਧਰ ਐਸ ਸਾਧੜੇ ਜਿਹੇ ਦੀ ਨਲੀ ਉਦ੍ਹੇ ਗੋਡੇ ਤਾਂ ਆ ਡਿੱਗੀ। ਲੈ ਸਾਬ .....ਧੈੜ ਕਰਦਾ ਧੱਫਾ ਇਦ੍ਹੀ ਢੂਈ 'ਚ ਮਾਰ ਕੇ ਮੱਖੀ ਮਾਰ ਕਹਿੰਦਾ ਏਸਾਂ ਚੱਟ, ਮਾਈ ਝਾਂਵਿਆਂ ਚੱਟ ਏਸਾਂ ਨਈਂ ਤਾਂ ਹੱਡੀ-ਪੱਸਲੀਂ ਤੋੜ ਦੇਸਾਂ ਤੇਰੀ ਨਾਲੇ ਤੇਰੀ ਮਾਓਂ ਦੀਂ'।

-'ਲੈ ਭਾਅ ..... ਮੈਂ ਅੱਗੇ ਹੋ ਕੇ ਇਹਦੇ ਝੱਗੇ ਨਾਲ ਉਦ੍ਹਾ ਗੋਡਾ ਸਾਫ਼ ਕੀਤਾ ਤਾਂ ਕਿਤੇ ਇਦ੍ਹੀ ਜਾਨ ਖਲਾਸੀ ਹੋਈ'।

-'ਇਦ੍ਹਾ ਝੱਗਾ ਲਬੇੜ ਕੇ ਤੈਨੂੰ ਬੀ ਕੋਈ ਖੈਰ ਪਈ ਭਾਬੀ ਤੋਂ ਕੇ ਨਈ ਪੰਮੀ ਛੂਰਲੀ ਤਾਏ ਨੂੰ ਟੇਢੀ ਟਕੋਰ ਕਰਦਾ, ਪਰ ਛੜਾ-ਛਾਂਟ ਫ਼ੌਜੀ ਤਾਇਆ ਉਸ ਨੂੰ ਅਗਿਓਂ ਵਗਲ ਲੈਂਦਾ'।

-'ਲੈ ਪੁੱਤਰਾ , ਜੁਆਨੀ ਵੇਲੇ ਦਾ ਜਤ-ਸਤ ਐਮੇਂ ਤਾਂ ਨਈ ਕੱਟਿਆ ਜਾਂਦਾ, ਕੋਈ ਨਾ ਕੋਈ ਆਹਵੱਟ ਆਉਂਦੀ ਈ ਰਹਿੰਦੀ ਸੀ ......ਪੁੱਛ ਲਈਂ ਬੇਸ਼ਕ ਬੇਬੇ ਅਪਣੀ ਤੋਂ ਨਿਸ਼ੰਗ ਹੋ ਕੇ'।

ਫ਼ੌਜ ਦੀ ਨੌਕਰੀ ਸਮੇਂ ਪਿੰਡ ਦੀ ਹਰ ਮਹਿਫ਼ਲ ਸੰਤਾ ਸੂੰਹ ਤੋਂ ਬਿਨਾਂ ਅਧੂਰੀ ਜਾਪਦੀ ਸੀ। ਹਰ ਸਾਲ ਮਹੀਨੇ-ਦੋ-ਮਹੀਨੇ ਦੀ ਛੁੱਟੀ ਆਇਆ, ਉਹ ਹਰ ਵਿਹੜੇ ਹਰ ਘਰ ਵਿਚੋਂ ਦੀ ਬਿਨਾਂ ਰੋਕ-ਟੋਕ ਲੰਘਦਾ, ਸਭ ਨੂੰ ਆਪਣਾ-ਆਪਣੀ ਲਗਦਾ ਸੀ, ਪਰ ਉਸ ਦਿਨ ਸਭਨਾਂ ਨੂੰ ਉਹ ਓਪਰਾ-ਓਪਰਾ ਦਿੱਸਣ ਲੱਗ ਪਿਆ, ਜਿਸ ਦਿਨ ਅੱਧ-ਖੜ ਹੋਇਆ, ਪੈਨਸ਼ਨ ਲੈ ਕੇ ਘਰ ਪਰਤਿਆ ਜੱਦੀ-ਪੁਸ਼ਤੀ ਖੇਤੀ ਧੰਦੇ ਅੰਦਰ ਜੁੱਟ ਗਿਆ। ਛੋਟੀ ਕਿਸਾਨੀ ਦੀਆਂ ਮੂਹਰਲੀਆਂ ਸਫਾਂ ਵਿੱਚ ਕੰਮ ਕਰਦੇ ਨਿੱਕੇ ਭਰਾ ਬੰਤਾ ਸਿੰਘ ਨੇ ਛੜੇ ਭਰਾ ਸੰਤਾ ਸੂੰਹ ਨੂੰ ਕਈਆਂ ਪੀੜੀਆਂ ਤੋਂ ਚੱਲੀ ਪਿਰਤ ਅਨੁਸਾਰ ਖੇਤਾਂ ਦੀ ਵੱਖ-ਵੰਡ ਦੇ ਉਦਰੇਵੇਂ ਤੋਂ ਬਚਾ ਕੇ ਸਾਰੀ ਖੇਤੀ ਦਾ ਕਾਰ-ਮੁਖਤਾਰ ਬਣਾ ਦਿੱਤਾ। ਨਿਆਈ ਵਾਲੇ ਕੁਰੇ ਪਿੱਛੇ ਡੰਗਰਾਂ ਦੇ ਛੱਪਰੇ ਹਟਵਾਂ, ਤਿੰਨ ਖਾਨੇ ਦਾ ਪੱਕਾ ਕੋਠਾ ਉਸ ਲਈ ਵੱਖਰਾ ਬਣਵਾ, ਘਰ ਦਾ ਸਾਰਾ ਕਾਰ-ਵਿਹਾਰ ਉਸ ਨੂੰ ਸੌਂਪ, ਨਿਸ਼ਚਿੰਤ ਹੋ ਕੇ ਆਪ ਕਿਸਾਨੀ ਮੋਰਚੇ ਦੀਆਂ ਸਰਗਮੀਆਂ ਵਿੱਚ ਪੂਰੀ ਤਰ੍ਹਾਂ ਜੁੱਟ ਗਿਆ।

ਨਿੱਗਰ ਦੇਹੀ 'ਤੇ ਫ਼ੌਜੀ ਵਕਤ ਦੀ ਪਾਬੰਦੀ ਵਰਗੇ ਨਿੱਤ-ਨੇਮ ਨਾਲ, ਸੰਤਾ ਸੂੰਹ ਨੇ ਥੋੜੇ ਜਿਹੇ ਸਮੇਂ ਅੰਦਰ ਹੀ ਕਾਮਿਆਂ ਦਿਹਾੜੀਦਾਰਾਂ ਨੂੰ ਨਾਲ ਲੈ ਕੇ, ਇਕ ਤਾਂ ਕਈਆਂ ਸਾਲਾਂ ਤੋਂ ਨਖਸਮੇਂ ਪਏ ਅਪਣੇ ਮੁਰੱਬੇ ਨੂੰ ਹਰੇ ਇਨਕਲਾਬ ਵਾਂਗ ਚਮਕਾ ਲਿਆ ਅਤੇ ਦੂਜੇ ਨਲੀ-ਚੋ ਜੀਤੇ ਸਮੇਤ ਕਾਮਰੇਟ ਦੇ ਦੋਨਾਂ ਮੁੰਡਿਆਂ ਨੂੰ ਸਕੂਲ ਭੇਜ ਕੇ ਚਿੱਠੀ-ਪੱਤਰ ਲਿਖਣ ਜੋਗੇ ਚਾਰ ਅੱਖਰ ਪੜ੍ਹਾ ਲਏ। ਪਹਿਲੇ ਪਹਿਰ ਤੋਂ ਕੀਤੀ ਹਰਨਾਲੀ ਨੂੰ ਸਿਆੜੀ ਖਿਲਹਾਰ ਕੇ, ਮੂੰਹ-ਝਾਖਰੇ ਉਠਾਏ ਬਾਲ ਜਿੰਨਾ ਚਿਰ ਘਰ ਜਾਂ ਸਕੂਲ ਗਏ ਰਹਿੰਦੇ, ਓਨਾਂ ਚਿਰ ਉਹਨਾਂ ਦਾ ਪਿਓ-ਸਮਾਨ ਤਾਇਆ, ਜਾਂ ਤਾਂ ਫ਼ਸਲ-ਬਾੜੀ ਮਾਲ ਡੰਗਰ ਦੀ ਸਾਂਭ-ਸੰਭਾਲ ਅੰਦਰ ਜੁੱਟਿਆ ਰਹਿੰਦਾ, ਜਾਂ ਖੇਤਾਂ ਬੰਨਿਆਂ ਖੁਰਲੀਆਂ ਢਾਰਿਆਂ ਨੂੰ ਢਾਉਣ ਉਸਾਰਨ ਵਿੱਚ।

ਫਿਰਨੀ ਨਾਲ ਦੇ ਕੁਰੇ ਤੋਂ ਬੰਬੀ ਵੱਲ ਨੂੰ ਖਿਸਕੀ ਉਹਨਾਂ ਦੀ ਸਰਦਾਰਾਂ ਵਰਗੀ ਹਵੇਲੀ ਅੰਦਰ, ਪੁਰਾਣੀ ਬੁੱਢੀ ਜੋਗ ਲਾਗੇ ਬੱਝੇ ਹਿਸਾਰੋਂ ਲਿਆਂਦੇ ਚਾਰ ਬਲਦ ਦੇਖ ਕੇ ਘਰ ਆਏ ਬੰਤਾ ਸੂੰਹ ਨੇ ਇਕ ਦਿਨ ਸੰਤਾ ਸਿਉਂ ਨੂੰ ਆਖਿਆ ....ਭਾਅ......ਪਸ਼ੂਆਂ ਦੀ ਖੇਤੀ ਦਾ ਸਮਾਂ ਤਾਂ ਹੁਣ ਬਹੁਤ ਪਿਛਾਂਹ ਰਹਿ ਗਿਆ, ਆਖੇਂ ਤਾਂ ਟਰੈਕਟਰ ਦਾ ਪ੍ਰਬੰਧ ਕਰ ਲਈਏ ...?

ਦਿਨ ਰਾਤ ਕੀਤੀ ਸਖ਼ਤ ਮੁਸ਼ੱਕਤ ਕਾਰਨ ਤਿੜਕੇ ਹੱਡਾਂ ਨੂੰ ਪਲੋਸਦੀ ਉਸ ਦੀ ਨਿੱਘਰ ਹਾਮੀਂ ਪਲ ਕੁ ਭਰ ਲਈ ਦੁਚਿੱਤੀ ਉਹਲੇ ਹੋਈ ਬੋਲੀ 'ਹਰਜ ਤਾਂ ਕੋਈ ਨੀ, ਪਰ ਐਨ੍ਹਾਂ ਹੀਰਿਆਂ ਨੂੰ ਕੱਥੇ ਸੁਟਾਂਗੇ!'

-'ਇਨ੍ਹਾਂ ਨੂੰ ਬੇਚ ਦਈਂ। ਛੋਟੇ ਭਰਾ ਦੀ ਸਲਾਹ ਉਸਦਾ ਅੰਦਰਲਾ ਵਿਨ੍ਹਦੀ ਨਿਕਲ ਗਈ'।

ਨਿੱਕੇ ਮਜ਼ਬੀ ਨੂੰ ਨਾਲ ਲਈ, ਕਈਆਂ ਰਾਤਾਂ ਦਾ ਉਣੀਂਦਰਾ ਝਾਖ, ਹਿਸਾਰੋ ਤੋਰ ਕੇ ਲਿਆਂਦੀਆਂ ਦੋਨਾਂ ਜੋਗਾਂ ਨੂੰ ਬੇਚ ਦੇਣ ਦਾ ਸੁਝਾ, ਇਕ ਵਾਰ ਤਾਂ ਉਸਦੇ ਸਦਾ-ਸੱਜਰੇ ਮੋਹ ਨੂੰ ਡੰਗ ਮਾਰਦਾ ਨਿਕਲ ਗਿਆ, ਪਰ ਦੂਜੇ ਹੀ ਪਲ ਸਾਰੇ ਪਿੰਡ 'ਚ ਪਹਿਲਾ ਟਰੈਕਟਰ ਅਪਣੇ ਖੇਤੀ ਚਲਦਾ ਦੇਖਣ ਦੀ ਹਉਂ, ਬਿਜਲੀ ਦੇ ਲਿਸ਼ਕਾਰੇ ਵਾਂਗ ਉਸ ਦੀ ਰਤਾ ਕੁ ਝੁਕਦੀ ਕਮਰ ਨੂੰ ਮੁੜ ਸਿੱਧਾ ਕਰ ਗਈ। ਕਈ ਦਿਨ ਲਗਾਤਾਰ ਉਹ ਪਿੱਪਲ ਹੇਠਲੇ ਥੜੇ ਦੇ ਜੁੜਦੀ ਜੁੰਡਲੀ ਅੰਦਰ ਵੀ ਸ਼ਾਮਿਲ ਨਾ ਹੋਇਆ। ਕਣਕਾਂ ਬੀਜ ਕੇ ਹੋਈ ਛੇ-ਚਾਰ ਦਿਨਾਂ ਦੀ ਵਿਹਲ ਅੰਦਰ ਵੀ ਉਸਦੀ ਥੜ੍ਹੇ ਨਾਲ ਪਾਈ ਕੱਚੀ, ਉਸਦੇ ਹਮਜੋਲੀਆਂ ਨਾਲੋ ਨਿੱਕੀ ਮੁੰਢੀਰ ਨੂੰ ਬਹੁਤੀ ਚੁਭਦੀ ਰਹੀ। ਆਖਿਰ ਬੇ-ਸਹਾਰਾ ਹੋਇਆ ਸਾਰਾ ਟੋਲਾ, ਇਕ ਸ਼ਾਮੀ ਮੋਖੇ-ਗੁਟਕੂੰ ਦੀ ਸਲਾਹ ਤੇ ਤਾਏ ਦੇ ਡੇਰੇ ਪਹੁੰਚ ਗਿਆ। ਤਪਦੇ ਚੁੱਭੇ ਕੋਲ ਖੇਸੀ ਦੀ ਬੁੱਕਲ ਮਾਰੀ ਬੈਠੇ ਇਕੱਲੇ ਤਾਏ ਨੂੰ ਦੂਰੋਂ ਦੇਖ ਕੇ ਬਾਗੇ ਜੱਫ਼ਲ ਨੇ ਉੱਚੀ ਆਵਾਜ਼ ਮਾਰ ਕੇ ਪੁੱਛਿਆ- 'ਤਾਇਆ...ਆਂ ਕੱਲਾ ਈ ਆਂ ਕਿ ਚਾਚੀ ......?'

-'ਖੜੋ, ਤੇਰੀ ਨਿੱਕੀ ਨੂੰ .....ਵੱਡਿਆ ਭਲਵਾਨਾ..........' ਆਖਦਾ ਤਾਇਆ ਇਉਂ ਛੜੱਪਾ ਮਾਰ ਕੇ ਉੱਠ ਖਲੋਇਆ ਜਿਵੇਂ ਸੱਚ-ਮੁੱਚ ਹੀ ਉਸਦੇ ਬੱਠਲ ਜਿਹੇ ਜਬਾੜੇ ਤੇ ਇਕ ਦੋ ਭਰਵੇਂ ਘਸੁੰਨ ਜੜ ਦੇਣੇ ਹੋਣ।

-'ਓਏ....ਜਾਣ ਦੇ ਤਾਇਆ, ਨਿਆਰਾ-ਸਿਆਣਾ ਆ, ਆਪੇ ਸਮਝ ਜੁ ਤੇਰੀ ਉਮਰੇ ਪਹੁੰਚ ਕੇ'। ਨਿੱਤ ਦਿਹਾੜੀ ਚਲਦੇ ਹਾਸੋ-ਠੱਠੇ ਵਾਂਗ ਹੀ ਹਮ ਉਮਰ ਕਰਨੈਲੇ ਨੇ ਉਸਨੂੰ ਫੜ ਕੇ ਬਠਾਉਦਿਆਂ ਪੁੱਛਿਆ '...ਭਾਅ ...ਤਾਇਆ ਤੂੰ ਤਾਂ ਅੱਜ-ਕੱਲ ਰੜਕਦਾ ਈ ਨਈਂ ਕਿਤੇ ......?'

-'ਰੜਕਣਾ ਕੀ ਆ, ਆਹ ਸਾਲੇ ਝੰਜਟ ਜਿਹੇ ਈ ਨਈ ਛੱਡਦੇ ਰਾਤ-ਪੁਰ ਦਿਨੇ, ਬੱਸ ਟੈਮ ਜਿਆ ਈ ਨਈ ਲਗਦਾ ਪਿੰਡ ਆਉਣ ਦਾ ...।'

-'ਸਾਡਾ ਤਾਂ ਭਾਈ ਬਥੇਰਾ ਲੱਗਾ ਜਾਂਦਾ, ਤੇਰਾ ਖ਼ਬਨੀ ਕਿਓਂ ਨੀ ਲਗਦਾ .......ਆਹ ਜਿੜ੍ਹੀ ਕੱਠੀ ਕਰੀ ਜਾਨਾਂ ਚਾਰ-ਚੱਕ ਜਗੀਰ, ਤੇਰੇ ਨਾਲ ਨਈਂ ਜਾਣੀ ...... ਕਾਰੂੰ ਬਾਦਸ਼ਾ ਬੀ ਖਾਲੀ ਹੱਥੀਂ ਨਿਕਲਿਆ ਸੀ ਆਂਹਦੇ ਭਰਿਆ ਖਜ਼ਾਨਿਆਂ 'ਚੋਂ.....।'

-'ਨਈ ਭਾਆ.......ਐਹੋ ਜਈ ਤਾਂ ਕੋਈ ਗੱਲ ਨੀ, ਫੇਰ ਬੀ ਜਿੰਨਾ ਚਿਰ ਇਹ ਮਾਣਸ-ਦੇਹੀ ਚਲਦੀ ਐ, ਬੰਦਾ ਐਧਰ-ਓਧਰ ਹੱਥ ਪੈਰ ਤਾਂ ਮਾਰਦਾ ਈ ਨਾ .....ਸਾਬ੍ਹ।'

-'ਚਲੋ ਓਏ ਮੁੰਡਿਓ ਚੱਲੀਏ, ਮਾਰਨ ਦਿਓ ਇਦ੍ਹੀ ਮਾਣਸ ਦੇਹੀ ਨੂੰ ਹੱਥ-ਪੈਰ ਐਧਰ ਓਧਰ.....' ਬਾਬੇ ਬੰਸੀ ਦੇ ਬਲ ਸੁਣ ਕੇ ਸਾਰੇ ਜਣੇ ਬੁੱਕਲਾਂ ਕਸਦੇ ਉਹ ਸੱਚ-ਮੁੱਚ ਹੀ ਜਿਵੇਂ ਡੇਰਿਓਂ ਬਾਹਰ ਜਾਣ ਦੀ ਤਿਆਰੀ ਕਰਨ ਲੱਗ ਪਏ ਸਨ ਕਿ ਮੁਰੱਬੇ ਦੁਆਲੇ ਲਾਈ ਕੰਡਿਆਲੀ ਤਾਰ ਦੇ ਪਾਰਲੇ ਸਿਰੇ ਤੋਂ, ਦੋ ਜਗਦੀਆਂ ਬੱਤੀਆਂ ਦਾ ਮੂੰਹ ਉਹਨਾਂ ਵਲ੍ਹ ਨੂੰ ਘੁੰਮ ਗਿਆ। ਛਿੱਕ-ਛਿੱਕ ਦੀ ਸਹਿਜੇ ਸਹਿਜੇ ਵਧਦੀ ਆਵਾਜ਼ ਤਾਏ ਦੇ ਡੇਰੇ ਵੱਲ ਨੂੰ ਆਉਂਦੀ ਹੋਰ ਉੱਚੀ ਹੁੰਦੀ ਗਈ।

ਗਰਮ ਚੁੱਭੇ ਦੇ ਸੇਕ ਲਾਗੇ ਖੜ੍ਹੀ ਥੜ੍ਹੇ ਦੀ ਸਾਰੀ ਟੋਲੀ ਪਿੰਡ ਨੂੰ ਜਾਣਾ ਵਾਲਾ ਰਾਹ ਜਿਵੇਂ ਭੁੱਲ ਹੀ ਗਈ ਹੋਵੇ। ਜਾਣੀ-ਜਾਣ ਤਾਇਆ 'ਵਾਗੁਰੂ' ਆਖ ਕੇ ਉਠਿਆ ਤੇ ਹਵੇਲੀ ਦੇ ਬਾਗਲੇ ਦੀ ਸਾਹਮਣੀ ਕੰਧ ਵਿਚਕਾਰ ਛੱਡੇ ਗੇਟ ਅੰਦਰੋਂ ਮੋੜ੍ਹੀ ਕੱਢ ਕੇ ਇਕ ਪਾਸੇ ਰੱਖ ਆਇਆ। ਫਿਰ ਬਰਾਂਡੇ ਤੱਕ ਪਈਆਂ-ਖਿਲਰੀਆਂ ਨਿੱਕੀਆਂ-ਵੱਡੀਆਂ ਸਾਰੀਆਂ ਵਸਤਾਂ ਚੁੱਕ ਕੇ ਵਿਹੜਾ ਪੱਧਰਾ ਕਰਨ ਲੱਗ ਪਿਆ। ਡੌਰ-ਭੌਰ ਹੋਈ ਚੁੱਪ-ਚਾਪ ਖੜੀ ਸਾਰੀ ਮੁੰਡੀਰ ਉਸ ਦੀ ਇਸ ਕਿਰਿਆ ਨੂੰ ਓਨਾਂ ਚਿਰ ਦੇਖਦੀ ਰਹੀ, ਜਿੰਨਾਂ ਚਿਰ ਤੱਕ ਛੱਕ-ਛੱਕ ਕਰਦੀ ਹਲਕੇ ਨੀਲੇ ਰੰਗ ਦੀ ਕੋਈ ਸ਼ੈਅ ਹੌਲੀ-ਹੌਲੀ ਤੁਰਦੀ ਵਾਗਲੇ ਅੰਦਰ ਨਾ ਆ ਖੜੀ ਹੋਈ । ਅਗਲੇ ਹੀ ਪਲ ਦੂਰ ਤੱਕ ਫੈਲਿਆ ਤਿੱਖੇ ਚਾਨਣ ਦਾ ਗੁਬਾਰ 'ਇੱਚ' ਦੀ ਆਵਾਜ਼ ਆਉਣ ਪਿਛੋਂ ਅੱਖ ਦੇ ਫਰੋਕੇ ਅੰਦਰ ਹੀ ਕਿਧਰੇ ਅਲੋਪ ਹੋ ਗਿਆ ਤੇ ਹੜ੍ਹ ਵਰਗੀ ਲਾਟ ਵਿੱਚ ਗੁਆਚੀ ਹਵੇਲੀ ਹਨੇਰਾ ਪਰਤ ਆਉਣ 'ਤੇ ਫਿਰ ਅਪਣੇ ਪਹਿਲੇ ਵਜੂਦ ਵਿੱਚ ਸਾਲਮ ਦਿੱਸਣ ਲੱਗ ਪਈ।

ਗੇੜੀ ਦੀ ਗਾਧੀ ਕੋਲ ਪਾਲ ਬਣਾਈ ਖੜ੍ਹੇ ਝੁੰਬਲ-ਮਾਟਿਆਂ ਵਾਲੇ ਆਕਾਰ, ਤਾਏ ਦੀ ਹਵੇਲੀ ਆਏ ਟਰੈਕਟਰ ਨੂੰ ਦੇਖ ਜਿਵੇਂ ਸੁੰਨ-ਵੱਟਾ ਹੀ ਹੋ ਗਏ। ਤਿਰਛੀ ਗੱਦੇਦਾਰ ਸੀਟ ਤੋਂ ਛਾਲ ਮਾਰ ਕੇ ਉਤਰਿਆ ਜੀਤਾ ਨਲੀ ਚੋ, ਉਹਨਾਂ ਨੂੰ ਤਾਏ ਦਾ ਵੀ ਕੋਈ ਵੱਡਾ-ਵਡੇਰਾ ਜਾਪਿਆ।

-'ਬੱਲੇ ਓਏ ਜੀਤਾ ਸਿਆਂ, ਤੂੰ ਇਹ ਡਲੈਵਰੀ ਕਦੋਂ ਸਿੱਖ ਲੀ .......?' ਫੁੰਮਣ-ਸ਼ਾਹਕੋਟੀ ਨੇ ਮਿਰਜ਼ੇ ਦੀ ਤਾਣ ਅਲਾਪਣ ਵਾਂਗ ਉਸ ਤੋਂ ਪੁੱਛਿਆ।

-'ਜਦ ਤੂੰ ਦੇਖ ਲਿਆ ......' ਰੁੱਖਾ ਜਿਹਾ ਉੱਤਰ ਦੇ ਕੇ ਉਹ ਸਿੱਧਾ ਬਰਾਂਡੇ ਵੱਲ ਨੂੰ ਤੁਰ ਗਿਆ ਤੇ ਮੋਢੇ ਨਾਲ ਲਟਕਾਇਆ ਬੈਲਾ ਤਾਏ ਹੱਥ ਫੜਾ ਕੇ ਅਲਾਣੀ ਮੰਜੀ 'ਤੇ ਬੈਠ ਗਿਆ।

ਬਰਾਂਡੇ ਅੰਦਰ ਖੜੇ ਤਾ? ਨੇ ਖੰਘੂਰਾ ਜਿਹਾ ਮਾਰ ਕੇ ਟਰੈਕਟਰ ਕੋਲ੍ਹ ਖੜੇ ਆਪਣੇ ਯਾਰ-ਬੇਲੀਆਂ ਨੂੰ ਕੋਲ ਬੁਲਾ ਲਿਆ। ਤਾਏ ਨੂੰ ਵਧਾਈਆਂ ਦਿੰਦੇ ਟਰੈਕਟਰ ਦੇ ਟਾਇਰ, ਬੋਨਿਟ, ਸੀਟ, ਸਟੇਰਿੰਗ ਨੂੰ ਪਲੋਸਦੇ ਥੋੜੇ ਕੁ ਚਿਰ ਪਿਛੋਂ, ਜਦ ਉਹ ਆਪਣੇ ਘਰੀ ਪਰਤ ਰਹੇ ਸਨ, ਤਾਂ ਮੁੱਠਾਂ ਵਿਚਕਾਰ ਸਾਂਭੇ ਇਕ-ਇਕ, ਦੋ-ਦੋ ਲੱਡੂ ਰੋੜਾਂ ਵਾਂਗ, ਉਹਨਾਂ ਦੀਆਂ ਕਰੜ-ਬਰੜੀਆਂ ਤਲੀਆਂ ਤੇ ਚੋਭਾਂ ਮਾਰ ਰਹੇ ਸਨ।

ਅਗਲੇ ਦਿਨ ਸਵੇਰੇ, ਪਿੰਡ ਦੇ ਐਨ ਗੋਰੇ ਤੋਰੀਏ ਦਾ ਵੱਡ ਪੁੱਟਦੀਆਂ ਇਕੱਠੀਆਂ 'ਸੱਤ ਪੱਥੀਆਂ' ਪਿੰਡ ਦੇ ਜਿਹੜੇ ਵੀ ਜੱਟ-ਜ਼ਿੰਮੀਦਾਰ ਨੇ ਦੇਖਿਆ, ਉਸ ਨੂੰ ਆਪਣੀ ਮੁਤਾੜੀਆਂ ਕੰਨਾਂ ਵਾਲੀ ਜੋਗ ਪਿੱਛੇ ਧੂਹ ਹੁੰਦੀ ਕੱਲੀ-ਕਹਿਰੀ ਪੱਥੀ ਐਵੇਂ ਈ ਸਿਆੜਾ ਉੱਪਰ ਤਰਦੀ ਜਿਹੀ ਜਾਪੀ। ਉਸ ਦਿਨ ਪਿੱਪਲ ਹੇਠਲੇ ਥੜ੍ਹੇ ਉੱਤੇ ਕੋਈ ਮੁੰਢੀਰ ਨਾ ਜੁੜੀ ਤੇ ਨਾ ਹੀ ਉਸ ਤੋਂ ਅਗਲੇ ਦਿਨ। ਬਾਕੀ ਬਚਦਾ ਸਾਰਾ ਸਿਆਲ ਕਣਕਾਂ ਦੀਆਂ ਗੋਡੀਆਂ ਤੇ ਕਮਾਦਾਂ ਦੀ ਪੀੜ-ਪੜਾਈ ਅੰਦਰ ਲੰਘ ਗਿਆ। ਮੀਂਹ ਹਨੇਰੀਆਂ ਤੇ ਪਾਲਿਆਂ-ਠੱਕਿਆਂ ਕਾਰਨ ਘਰੋ ਘਰੀ ਡੱਕੇ ਲੋਕ ਚੇਤਰ ਚੜ੍ਹਦਿਆਂ ਮੁੜ ਕਿਧਰੇ ਖੇਤੀ ਬੰਨੀ ਮਸਾਂ ਦਿੱਸਣ ਲੱਗੇ।

ਚੇਤਰ ਮੁਕਦਿਆਂ ਕਰਦਿਆਂ, ਮਾਰੂ ਖੱਤਿਆਂ ਅੰਦਰ ਪੱਕੇ ਮਸਰ-ਛੋਲੇ ਗੱਡੇ-ਗੱਡੀਆਂ ਦੀ ਘਨੇਰੀ ਚੜ੍ਹ ਦੇ ਘਰੀ ਵਿਹੜੀ ਪਹੁੰਚ ਕੇ ਬੋਹਲ ਬਨਣ ਲੱਗ ਪਏ। ਸਿਰ ਚੜ੍ਹੀ ਵਾਢੀ ਦੀ ਤਿਆਰੀ ਲਈ ਦਾਤ-ਦਾਤੀਅ ਲੁਹਾਰਾਂ ਦੇ 'ਕਾਰਖਾਨੇ' ਚੰਡੀਆਂ ਜਾਣ ਲੱਗੀਆਂ। ਵੇਲੇ ਸਿਰ ਵੱਢ ਕੇ ਰੱਖੇ ਸਲਵਾੜ ਦੀ ਕੱਟੀ ਮੁੰਜ ਕੇ ਵੇੜ ਹਾਰਾਂ-ਡੰਡੀਆਂ ਦੇ ਨਾਲ-ਨਾਲ ਦੂਰ ਤੱਕ ਵਿੱਛ ਗਏ। ਪਿਛਲੇ ਸਾਲ ਦੀਆਂ ਢੱਕੀਆਂ ਡਰੰਮੀਆਂ ਨੂੰ ਰਮਾ ਕਰਕੇ ਸੱਜਰੇ ਪਿੜ੍ਹਾ ਦੀ ਤਿਆਰੀ ਹੋਣ ਲੱਗ ਪਈ, ਪਰ ਇਸ ਸਾਰੀ ਹਿੱਲ-ਜੁਲ ਅੰਦਰ ਤਾਏ ਸੰਤੇ ਦੀ ਥਿੜਕ ਕਿਧਰੇ ਨਾ ਪਈ। ਉੱਤਰ ਬੰਨੇ 'ਤਾਲ-ਆਲੇ' ਵਸੀਮੇਂ ਤੱਕ ਖਿੱਲਰੇ ਤਾਏ ਤੇ ਮੁਰੱਬੇ ਵਿੱਚ ਚਲਦਾ ਉਸਦਾ ਟਰੈਕਟਰ ਵੀ ਕਈ ਦਿਨ ਕਿਸੇ ਨਾ ਦੇਖਿਆ। ਹਾੜੀ ਦੀ ਸਾਂਭ-ਸੰਭਾਲ ਲਈ ਕੀਤੇ ਕਮਰ-ਕੱਸਿਆਂ ਅੰਦਰ ਪਿੱਪਲ ਹੇਠ ਜੁੜਨ ਵਾਲੀ ਸੱਥ ਉਵੇਂ ਹੀ ਅਣਗੌਲੀ ਜਿਹੀ ਬਣ ਗਈ, ਜਿਵੇਂ ਉਸ ਨਾਲ ਤੋੜ-ਵਿਛੋੜਾ ਕਰਕੇ ਮੁਰੱਬੇ ਜਾ ਟਿਕਿਆ ਤਾਇਆ ਸੰਤਾ।

ਪਰ, ਉਸ ਦਿਨ ਤਾਂ ਪਿੰਡ ਦੇ ਸਾਰੇ ਲੋਕਾਂ ਨੂੰ ਤਾਏ ਨਾਲ ਹੋਈ 'ਈਰਖਾ' ਸਾਰੇ ਹੀ ਹੱਦਾਂ-ਬੰਨੇ ਟੱਪ ਗਈ, ਜਦ ਵਿਸਾਖੀ ਵਾਲੀ ਸੰਗਰਾਂ ਦੇ ਭੋਗ-ਵੇਲੇ ਸ਼ਿੰਗਾਰ ਦੇ ਗੁਰਦਵਾਰੇ ਲਿਆਂਦੇ ਟਰੈਕਟਰ ਦੀ ਸੀਟ ਉੱਤੇ ਉਹਨਾਂ ਦੀ ਥਾਂ ਛੋਟੇ ਮੀਤੇ ਨੂੰ ਬੈਠੇ ਦੇਖਿਆ ਅਤੇ ਟਰੈਕਟਰ ਪਿੱਛੇ ਰਿੜ੍ਹੀ ਆਉਂਦੀ ਹਾਥੀ ਵਰਗੀ ਬੇ-ਢਿੱਬੀ ਜਿਹੀ ਮਸ਼ੀਨ ਵੀ। ਕੁੱਝ ਹਿੱਤ ਵਜੋਂ ਕੁੱਝ ਸਾਂਝ ਵਜੋਂ ਤਾਏ ਦੇ ਬਹੁਤੇ ਯਾਰ-ਬੇਲੀ ਢਾਡੀ ਸਿੰਘਾਂ ਨੂੰ ਵਿਚਕਾਰੋਂ ਸੁਨਣਾ ਛੱਡ ਕੇ ਕਣਕ ਗਾਉਣ ਵਾਲੀ ਮਸ਼ੀਨ ਲਾਗੇ ਆ ਖੜੇ ਹੋਏ।

-'ਤੂੰ ਤਾਂ ਅਸਲੋਂ ਈ ਨਿਰਮੋਹ ਜਿਆ ਹੋ ਗਿਐਂ ........'

-'ਕਰਨੈਲੇ ਨੂੰ ਹੋਈ ਹੈਰਾਨੀ ਦਾ ਕਾਰਨ ਤਾਇਆ ਸੀ ਜਾਂ ਮਸ਼ੀਨ, ਸਾਰੀ ਟੋਲੀ 'ਚੋਂ ਕੋਈ ਜਣਾ ਵੀ ਨਿਰਣਾ ਨਾ ਕਰ ਸਕਿਆ।'

ਤਾਇਆ ਬਿਨਾਂ ਕੋਈ ਉੱਤਰ ਦਿੱਤੇ, ਮਿੰਨ੍ਹਾਂ ਜਿਹਾ ਮੁਸਕਰਾਇਆ ਅਤੇ ਫਿਰ ਚੁੱਪ ਦਾ ਚੁੱਪ ਕੀਤਾ ਰਿਹਾ।

-'ਤਾਇਆ, ਨਲੀ ਚੋ ਡਲੈਵਰ ਕਿੱਥੇ ਆ ....?' ਪੰਮੀ ਛੂਰਲੀ ਤੋਂ ਆਖਿਰ ਨਾ ਰਿਹਾ ਗਿਆ।

-'ਐਓਂ ਨਈ ਅਵਾ-ਤਵਾ ਬੋਲੀਦਾ ਗੁਰੂ-ਮ੍ਹਾਰਾਜ ਦੇ ਘਰ ਆ ਕੇ ....ਜੀਤ ਸਿਉ ਨੂੰ ਤਾਂ ਸੁੱਖ ਨਾ ਕਨੇਡੇ ਢੁੱਕੇ ਨੂੰ ਕਈ ਮ੍ਹੀਨੇ ਹੋ ਚੱਲੇ ਆ'- ਤਾਏ ਨੇ ਛੂਰਲੀ ਨੂੰ ਡਾਂਟਣ ਵਰਗੀ ਨਸੀਅਤ ਕਰਦਿਆਂ, ਟਰੈਕਟਰ ਦੀ ਹੁੱਕ ਤੇ ਧਰੀ ਕਣਕ ਦੀ ਬੋਰੀ ਧਰਮੂੰ ਮਜ਼ਬੀ ਦੀ ਪਿੱਠ ਲੁਆਈ ਅਤੇ ਗੁਰਦਵਾਰੇ ਚੜ੍ਹਾਉਣ ਲਈ ਟੱਬਰ ਦੇ ਬਾਕੀ ਜੀਆਂ ਸਮੇਤ ਟਹਿਲਦਾ ਅੰਦਰ ਚਲਾ ਗਿਆ।

ਫਿਰ, ਕਿੰਨਾਂ ਹੀ ਚਿਰ ਕਿਸੇ ਨੇ ਉਸ ਨੂੰ ਕਈ ਸੰਗਰਾਦਾਂ ਗੁਰਦਵਾਰੇ ਆਉਂਦਾ ਨਾ ਦੇਖਿਆ ਤੇ ਨਾ ਹੀ ਪਿੰਡ ਦੇ ਸਾਂਝੇ ਕਾਰਾਂ-ਵਿਹਾਰਾਂ ਅੰਦਰ ਉਸ ਲੇ ਕੋਈ ਤਿੰਨ-ਪੰਜ ਕੀਤੀ, ਪਰ ਵਿਚ-ਵਿਚਾਲੇ ਜੁੜਦੀ ਥੜ੍ਹੇ ਦੀ ਸੱਥ ਉਸਦੀ ਚਰਚਾ ਜ਼ਰੂਰ ਛਿੜਦੀ ਰਹੀ।

-'ਵੱਡਾ ਸਰਦਾਰ ਹਊ ਤਾਂ ਅਪਣੇ ਘਰ ਹਊ, ਤੁਸੀਂ ਉਹਤੋਂ ਛੋਲੇ ਮੰਗਣ ਜਾਣਾ......ਹਰ ਟੈਮ ਉਦ੍ਹੀਆਂ ਈ ਘੋੜੀਆਂ ਗਾਉਦੇ ਰਹਿਨੇ ਉ- ਬਾਰੀਏ ਬੰਸੂ ਦਾ ਹਿਰਖ ਪਿੱਪਲ ਉਪਰਲੀਆਂ ਟਾਹਣਾਂ ਜਾ ਛੋਹਦਾ।'

-'ਉਹਨੇ ਆਪਦੀ ਕਮਾਈ ਦਾ ਬਣਾਇਆ ਸੱਭ ਕੁਸ, ਕਿਸੇ ਨੂੰ ਕਾਹਣੀ ਪੀੜ ਐ -' ਤਾਏ ਤੇ ਵਰ੍ਹਦੀ ਅੱਗ ਦਾ ਜਵਾਬ ਉਸਦਾ ਹਮੈਤੀ ਦਿੰਦਾ ਜਾਂ ਕੋਈ ਸੂਝਵਾਨ ਬਿਰਧ।

-'ਨਾ ਕੀ .....ਡੇਰਿਆਂ ਆਲਿਆਂ ਦੀ ਕਣਕ ਹੋਣੀ ਐ ਮੁਲੈਮ ਤੇ ਉਹਦੀ ਮਸ਼ੀਨ ਅੰਦਰੋਂ ਦੀ ਲੰਘਦੀ ਹੋਣੀ ਐ ਸੌਖੀ, ਤੇ ਸਾਡੀ ਦੇ ਚੁਭਦੇ ਹੋਣੇ ਆ ਕਸਾਰ, ਨਾ....ਕੀ' ਮੇਹਰੂ-ਉਟਨੱਟ ਸਿੱਧੀ ਟਕੋਰ ਮਾਰਦਾ।

-'ਅਮਲੀ ਸਿਆਂ, ਤੇਰੇ ਗੋਡਿਆਂ ਦੀ ਗਰੀਸ ਬੀ ਡੇਰੇ ਆਲਿਆਂ ਈ ਚੱਟੀ ਆ ਸਾਰੀ, ਘਰੇ ਤਾਂ ਭੋਰਾ ਨੀ ਲਾਈ ਤੈਂ ਬੀਂ ਬਾਈ ਮਲੂਕਾ ਸੂੰਹ ਵੀ ਉਸ ਨੂੰ ਸਾਵਾਂ ਹੋ ਕੇ ਟੱਕਰਦਾ।' ਤਾਏ ਬਾਰੇ ਚਲਦੀ ਉੱਚੀ-ਨੀਵੀ ਵਾਰਤਾ, ਕਦੀ ਹਾਸੇ ਠੱਠੇ ਅੰਦਰ ਮੁੱਕ ਜਾਂਦੀ, ਕਦੀ ਉੱਚੇ ਨੀਵੇਂ ਬੋਲ-ਕਬੋਲਾਂਅੰਦਰ। ਪਿੰਡ ਦੇ ਗੁਰਦਵਾਰੇ ਤੋਂ ਮੁੱਖ ਮੋੜ ਕੇ ਜਦ ਤੋਂ ਤਾਏ ਦੀ ਸਾਂਝ ਡੇਰਿਆਂ-ਵਾਲੀਆਂ ਨਾਲ ਜੁੜ ਗਈ ਸੀ, ਉਦੋਂ ਤੋ ਹੀ ਉਹਨਾਂ ਵਿਚਕਾਰ ਨਿੱਤ ਨਵੇਂ ਹੁੰਦੇ ਲੜਾਈ ਝਗੜੇ ਤੋਂ ਹਰ ਕੋਈ ਫਿਕਰ-ਮੰਦ ਸੀ। ਕਨੇਡੇ ਤੋਂ ਆਈ ਜੀਤੇ ਦੀ ਪਹਿਲੀ ਤਨਖ਼ਾਹ ਦਾ ਦਸਵੰਧ ਵੀ ਤਾਏ ਨੇ ਦੋਨਾਂ ਡੇਰਿਆਂ ਵਿਚਕਾਰ ਅੱਧਾ-ਅੱਧਾ ਵੰਡ ਦਿੱਤਾ ਸੀ। ਪੁਰਬਾਂ-ਤਿਉਹਾਰਾਂ ਉੱਤੇ ਚੜ੍ਹਾਵਾ ਬਨਣ ਵਾਲੀ ਦਾਣਿਆਂ ਦੀ ਬੋਰੀ ਵੀ ਹੁਣ ਕਦੀ ਉਦਾਸੀਆਂ ਦੇ ਡੇਰੇ ਪਹੁੰਚਦੀ ਸੀ, ਕਦੀ ਕੰਨ-ਪਾਟੇ ਨਾਥਾਂ ਦੇ ਮੰਦਰ। ਪਰ, ਉਸ ਦਿਨ ਤਾਂ ਸਾਰੀ ਦੀ ਸਾਰੀ ਸੱਥ ਨੂੰ ਜਿਵੇਂ ਹੌਲ ਜਿਹਾ ਹੀ ਪੈ ਗਿਆ ਹੋਵੇ, ਜਿਸ ਦਿਨ ਪੰਮੀ-ਛੂਰਲੀ ਨੇ ਕੰਨ-ਪਾਟਿਆਂ ਦੇ ਤਾਏ ਕਿਆਂ ਨੂੰ ਬੈਅ ਹੋਏ ਤਿੰਨਾਂ ਖੇਤਾਂ ਦੀ ਧੁਸਕ ਪਤਾ ਨਹੀਂ ਕਿਧਰੋਂ ਕੱਢ ਲਿਆਂਦੀ ਸੀ।

ਕਿਸਾਨੀ ਮੰਗਾਂ ਲਈ ਛਿੜੀ ਲੰਮੀ ਲੜਾਈ ਅੰਦਰ ਦਿਨ ਰਾਤ ਨੱਠ-ਭੱਜ ਕਰਦੇ ਬੰਤਾ-ਸੂੰਹ ਕਾਮਰੇਡ ਦੇ ਕੰਨਾਂ ਤੱਕ ਵੀ ਕਿਸੇ ਨੇ ਸੰਤਾ ਸੂੰਹ ਦੀ 'ਸ਼ਕੈਤ' ਪੁਜਦੀ ਕਰ ਦਿੱਤੀ। ਚਿੰਤਾ-ਚਿਖਾ ਅੰਦਰ ਡੁੱਬਿਆ ਹਨੇਰੇ ਪਏ ਇਕ ਸ਼ਾਮੀ ਉਹ ਬਾਹਰੋਂ-ਬਾਹਰ ਮੁਰੱਬੇ ਅੰਦਰਲੇ ਡੇਰੇ ਆਇਆ ਤੇ ਸਾਰੀ ਰਾਤ ਸੰਤਾ ਸੂੰਹ ਨੂੰ ਕਈ ਕੁਝ ਸਮਝਾ-ਬੁਝਾ ਕੇ ਤੜਕਸਾਰ ਅਪਣੇ 'ਮੋਰਚੇ' ਤੇ ਪਰਤ ਗਿਆ। ਅਗਲੇ ਹੀ ਦਿਨ ਤਾਏ ਨੇ ਇਕ ਲੰਮੀ ਚੌੜੀ ਚਿੱਠੀ ਜੀਤੇ ਨੂੰ ਲਿਖ ਭੇਜੀ, ਜਿਸ ਵਿੱਚ ਦੋਨਾਂ ਡੇਰਿਆਂ ਵਿਚਕਾਰ ਕਈ ਵਾਰ ਹੋਏ ਡਾਂਗ-ਸੋਟੇ ਲਈ ਉਸ ਨੇ ਅਪਣੇ ਆਪ ਨੂੰ ਵੀ ਓਨਾਂ ਹੀ ਦੋਸ਼ੀ ਗਰਦਾਨਿਆ, ਜਿੰਨਾਂ ਸੱਤ ਸਮੁੰਦਰੋਂ ਪਾਰ ਬੈਠੇ ਜੀਤੇ ਨੂੰ। ਉਸ ਨੇ ਪਿਛਲੀ ਰਾਤ ਬੰਤਾ ਸੂੰਹ ਨਾਲ ਹੋਈ ਸਾਰੀ ਗੱਲ-ਬਾਤ ਬੇਧੜਕ ਹੋ ਕੇ ਲਿਖ ਸੁਣਾਈ ਤੇ ਅਗਾਂਹ ਤੋਂ ਡੇਰਿਆਂ ਦੀ ਜ਼ਮੀਨ ਹਥਿਆਉਣ ਲਈ ਘੜੀਆਂ ਸਾਰੀਆਂ ਸਕੀਮਾਂ ਵਾਪਸ ਜੀਤੇ ਨੂੰ ਮੋੜ ਭੇਜੀਆਂ।

ਉਹ ਪਿੱਛੋਂ ਤਾਏ ਦੀ ਸਾਰੀ ਵਿਹਲ ਮੁੜ ਪਿੱਪਲ ਦੇ ਥੜ੍ਹੇ ਨਾਲ ਆ ਜੁੜੀ ਅਤੇ ਉਸਦਾ ਹਾਸਾ-ਠੱਠਾ ਹਾਣ ਪ੍ਰਵਾਣ ਦੇ ਵਿਹੜਿਆਂ ਦੇ ਪੁਰਬਾਂ ਸੰਗਰਾਦਾਂ ਦੇ ਜੋੜ ਮੇਲਿਆਂ ਨਾਲ, ਪਰ ਉਸ ਨੂੰ ਜਾਪਿਆ ਕਿ ਇਹਨਾਂ ਅੰਦਰੋਂ ਪਹਿਲੋਂ ਵਰਗੀ ਕੋਮਲਤਾ ਜਿਵੇਂ ਕਿਧਰੇ ਪਰ ਲਾ ਕੇ ਉੱਡ ਗਈ ਹੋਵੇ। ਹੁਣ ਕਿਸੇ ਇਕ ਦੀ ਮਸ਼ਕਰੀ ਦੂਜੇ ਨੂੰ ਸੂਲ ਵਾਂਗ ਚੁਭਦੀ ਸੀ, ਕਿਸੇ ਦੂਜੇ ਦੀ ਚੂੰਡੀ ਤੀਜੇ ਤੇ ਮੱਥੇ ਤੇ ਤਿਊੜੀ ਬਣ ਕੇ ਉਭਰਦੀ ਸੀ। ਮੱਸਿਆ-ਸੰਗਰਾਂਦੇ ਗੁਰਦਵਾਰੇ ਹੁੰਦਾ ਇਕੱਠ ਵੀ ਕਈ ਵਾਰ ਤੂੰ-ਤੂੰ ਮੈਂ-ਮੈਂ ਅੰਦਰ ਬਦਲ ਜਾਂਦਾ।

-ਸੰਗਤੋ ਗੁਰੂ ਕੇ ਬਣੋ, ਵੈਰ-ਵਿਰੋਧ ਤਿਆਗੋ, ਕਲ ਮੂੰਹੇਂ ਕਾਮ-ਕਰੋਧ ਤੋਂ ਬਚੋ...ਧਰ ਕੀ ਬਾਣੀ ਆਈ ਜਿੰਨ ਸਗਲੀ ਚਿੰਤ ਮਿਟਾਈ ਦਾ ਪੱਲਾ ਫੜੋ, ਗੁਰਮੁਖੋ-ਭੋਗ ਦਾ ਪ੍ਰਸ਼ਾਦ ਵੰਡਦਾ ਭਾਈ ਮਹਿਮਾ ਸੂੰਹ, ਗੁਰੂ-ਘਰ ਪਹੁੰਚੇ ਹਰ ਮਾਈ ਭਾਈ ਨੂੰ ਭਵ-ਸਾਗਰ ਤੋਂ ਪਾਰ ਲੰਘਣ ਦੇ ਫਾਰਮੂਲੇ ਸਮਝਾਉਂਦਾ ਰਹਿੰਦਾ, ਪਰ ਮਹੀਨਾ ਸੁਨਣ ਆਈ ਸੰਗਤ ਕੰਨ-ਪਾਟੇ ਨਾਥਾਂ ਤੇ ਉਦਾਸੀਆਂ ਵਿਚਕਾਰ ਹੋਏ ਕਿਸੇ ਨਵੇਂ ਝਗੜੇ-ਝੋੜੇ ਨੂੰ ਉੱਚਾ ਨੀਵਾਂ ਉਭਾਰਦੀ ਬੋਲ-ਬੁਲਾਰਾ ਪਾਈ ਰੱਖਦੀ।

-ਹੈਨਾਂ ਸਾਧਾਂ ਦੀ ਭਲਾ ਕਾਹਤੋਂ ਮੱਤ ਮਾਰੀ ਗਈ ਪਈ ਉਨ੍ਹਾਂ ਦੇ ਚਲਦੇ ਭੰਡਾਰੇ 'ਚ ਇਨ੍ਹਾਂ ਖਾਹਮਖਾਹ ਜਾ ਬੁਲਬਲੀ ਮਾਰੀ - ਭਾਈ ਕਿਆਂ ਦਾ ਬੁੱਢਾ ਮੀਹਾਂ ਸੂੰਹ ਢਿਲਕਦੀਆਂ ਐਨਕਾਂ ਦੀਆਂ ਡੋਰਾਂ ਕਸਦਾ ਹਿਰਖ ਛਾਂਟਣ ਵਰਗਾ ਗਿਲਾ ਕਰਦਾ।

-''ਤੈਨੂੰ ਕੀਨੇ ਕਿਹਾ ਬੁੜਿਆ, ਬੁਲਬਲੀ ਇਨ੍ਹਾਂ ਮਾਰੀ ਆ ਪਹਿਲਾਂ''- ਕੌਂਕਿਆਂ ਦਾ ਪਾਲਾ ਜਾਂ ਵਿਰਕਾਂ ਦਾ ਕਾਕੂ, ਥਿੰਦੇ ਹੱਥ ਮੁਸਫੁੱਟੀ ਦਾਅੜ੍ਹੀ ਤੇਤ ਫੇਰਦਾ, ਤੜੀ ਦੇਣ ਵਰਗਾ ਉੱਤਰ ਦਿੰਦਾ।

ਉਸ ਦਿਨ ਤਾਂ ਭਾਵੇਂ ਚਲੋ-ਛੱਡੋ, ਚਲੋ-ਛੱਡੋ ਕਰਕੇ ਇਕ ਦੂਜੇ ਨੂੰ ਚੁੱਪ ਕਰਾਉਦੇ, ਸਾਰੇ ਆਪਣੇ-ਆਪਣੇ ਘਰੀ ਚਲੇ ਜਾਂਦੇ, ਪਰ ਉਦਾਸ-ਚਿੱਤ ਤਾਇਆ ਸਹਿਜੇ ਸਹਿਜੇ ਪੈਰ ਘਸੀਟਦਾ ਮੁੜ ਥੜ੍ਹੇ ਦੀ ਬੰਨੀਂ 'ਤੇ ਜਾ ਬੈਠਾ।

-'ਮਖਿਆ......ਸਾਧਣੀਆਂ ਦੇ ਭੋਰਿਆਂ 'ਚ ਮੱਖੀ-ਮੱਛਰ ਤੋ ਬੜਾ 'ਰਮਾਨ ਹੋਣਾ', ਭਾਈ-ਨੰਗੇ ਢਿੱਡ ਨੂੰ ਪੱਖੀ ਝਲਦੇ, ਡੂੰਘੀਆਂ ਸੋਚਾਂ ਅੰਦਰ ਡੁੱਬੇ ਤਾਏ ਨੂੰ ਲਾਗੋ ਲੰਘਦੀ ਭਾਈਆਂ ਕੀ ਜੱਟੋ ਨੇ ਇਕ ਦਿਨ ਪੁਰਾਣੀ ਸਾਂਝ ਦਾ ਚੇਤਾ ਕਰਾਉਣ ਵਰਗੀ ਟਕੋਰ ਕੀਤੀ।

ਅੱਧ-ਮੀਚੀਆਂ ਅੱਖਾਂ ....(ਅੱਗਲੇ ਅੰਕ 'ਚ ਪੜ੍ਹੋ)




# PROFESSIONAL FINANCIAL SOLUTIONS GROUP

## JUST ONE PLACE FOR ALL FINANCIAL SERVICES YOU NEED

### SERVICES

- ਘਰਾਂ ਦੇ ਲੋਨ
- ਬਿਜ਼ਨਸ ਦੇ ਲੋਨ
- ਪ੍ਰਾਪਰਟੀ ਮੈਨੇਜਮੈਂਟ
- ਲਾਈਫ/ਟਰੋਮਾ/ਮੈਡੀਕਲ ਇੰਸ਼ੋਰੈਂਸ
- ਰੀਡਨਡੈਂਸੀ/ਮਾਰਗੇਜ਼ ਪ੍ਰੋਟੈਕਸ਼ਨ ਇੰਸ਼ੋਰੈਂਸ
- ਰੈਂਟਲ ਪ੍ਰਾਪਰਟੀ ਰਿਟਰਨ/ਐਲ ਟੀ ਸੀ ਸੈਟਅੱਪ
- ਛੋਟੇ ਬਿਜ਼ਨਸ ਲਈ ਟੈਕਸ ਰਿਟਰਨਾ
- ਕਾਰ, ਟਰੱਕ ਆਦਿ ਦੇ ਲੋਨ




A disclosure statement as required under Securities Act 1988 is freely available on request

**HEAD OFFICE**
35 Morningside Drive, St. Lukes, Mt. Albert, Auckland
**Ph: 09 846 9934, Fax: 09-846 9936**
**SOUTH AUCKLAND OFFICE**
Level 1/203 Great South Road, Manurewa, Auckland
www.professionalfinancial.co.nz | Email: info@pfsl.co.nz

Follow us on

**Professional Financial Solutions Ltd.**
**Aim Associates Ltd.**


DBS
TILES AND BATHROOM SUPERSTORE
TILE DEAL
600x600 Porcelain Tiles
600x600 Porcelain Tiles – only
From $12
normally $30
BATHROOM DEAL
Shower Combo
Shower Combo only 950
Present this ad in store to receive offer
Happy New Year 2021
DBS
TILES AND BATHROOM SUPERSTORE Phone: 09 261 2616
40F Cavendish Drive, Manukau | Email: discountbs@gmail.com